

# ਹਬੀਬ ਜਾਲਿਬ ਦੀ ਪੰਜਾਬੀ ਸ਼ਾਇਰੀ

Academy of the Punjab in North America: http://www.apnaorg.com

Academy of the Punjab in North America: http://www.apnaorg.com

# ਹਬੀਬ ਜਾਲਿਬ
# ਦੀ ਪੰਜਾਬੀ ਸ਼ਾਇਰੀ

Academy of the Punjab in North America: http://www.apnaorg.com

ਹਬੀਬ ਜਾਲਿਬ ਸੰਨ 1928 ਚ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਮਿਆਣੀ ਪਠਾਣਾ ਵਿਚ ਕੰਮੀਆਂ ਦੇ ਘਰ ਜਨਮੇ ਸਨ ਤੇ ਮਾਰਚ 1993 ਲੰਮੀ ਬੀਮਾਰੀ ਭੋਗ ਕੇ ਲਹੌਰ ਚ ਪੂਰੇ ਹੋਏ। ਭਾਵੇਂ ਇਨ੍ਹਾਂ ਦੀ ਮਸ਼ਹੂਰੀ ਉਰਦੂ ਸ਼ਾਇਰ ਹੋਣ ਕਰਕੇ ਹੈ, ਪਰ ਇਨ੍ਹਾਂ ਨੇ ਫ਼ੈਜ਼ ਵਾਂਙ ਅਪਣੀ ਮਾਂ ਬੋਲੀ ਵਿਚ ਵੀ ਗਿਣਤੀ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਲਿਖੀਆਂ, ਜੋ 1988 ਚ ਛਪੇ ਇਨ੍ਹਾਂ ਦੇ ਕੁੱਲ ਕਲਾਮ *ਹਰਫ਼-ਏ-ਸਰ-ਏ-ਦਾਰ* (ਫਾਂਸੀ ਦੇ ਬੋਲ) ਚ ਹਨ। ਇਨ੍ਹਾਂ ਦੀ ਪਹਿਲੀ ਕਿਤਾਬ *ਬਰਗ-ਏ-ਆਵਾਰਾ* (ਰੁਲਦਾ ਫਿਰਦਾ ਪੱਤਾ) 1957 ਚ ਛਪੀ ਸੀ। ਇਸ ਮਗਰੋਂ ਦਸ ਕਿਤਾਬਾਂ ਛਪੀਆਂ। ਫ਼ੌਜੀ ਡਿਕਟੇਟਰ ਅਯੂਬ ਖ਼ਾਨ ਦੇ ਦੌਰ ਚ ਕਮਿਊਨਿਸਟ ਪਾਰਟੀ (ਜਿਹੜੀ ਨਾਂ ਦੀ ਨੈਸ਼ਨਲ ਅਵਾਮੀ ਪਾਰਟੀ ਸੀ) ਦੇ ਕਾਰਕੁੰਨ ਹੋਣ ਦੇ ਨਾਤੇ ਚੋਣ ਲੜੀ ਸੀ। ਜੇਲ ਵੀ ਜਾਂਦੇ ਰਹੇ।

Academy of the Punjab in North America: http://www.apnaorg.com

# ਹਬੀਬ ਜਾਲਿਬ
# ਦੀ ਪੰਜਾਬੀ ਸ਼ਾਇਰੀ

ਸੰਪਾਦਕ : ਅਮਰਜੀਤ ਚੰਦਨ

ਕੁਕਨੂਸ ਪ੍ਰਕਾਸ਼ਨ, ਜਲੰਧਰ

Academy of the Punjab in North America: http://www.apnaorg.com

# HABIB JALIB DEE PUNJABI SHAYARI

Compiled by
Amarjit Chandan

Kuknus Prakashan, Jalandhar
2003

© ਅਮਰਜੀਤ ਚੰਦਨ : 2003

ਅਮਰਜੀਤ ਚੰਦਨ ਨੇ ਜਾਲਿਬ ਦੀ ਤਸਵੀਰ ਖਿੱਚੀ, ਸਰਵਰਕ ਦਾ
ਨਮੂਨਾ ਬਣਾਇਆ ਤੇ ਗੁਰੂਲਿਪੀ ਫੌਂਟ 'ਚ ਅੱਖਰ ਬੀੜੇ

**ਛਾਪਕ**
ਮੌਡ ਕਲਰ, ਜਲੰਧਰ

**ਪ੍ਰਕਾਸ਼ਕ**
ਕੁਕਨੂਸ ਪ੍ਰਕਾਸ਼ਨ
ਮੁਹੱਲਾ ਕਰਾਰ ਖ਼ਾਂ, ਜਲੰਧਰ, ਫ਼ੋਨ : 214028 (ਘਰ)

**ਕੀਮਤ**
25 ਰੁਪਏ

Academy of the Punjab in North America: http://www.apnaorg.com

# ਧਿਆਨ

ਹਬੀਬ ਜਾਲਿਬ (1928–1993) ਦਾ ਨਾਂ ਉਰਦੂ ਦੇ ਇਨਕਲਾਬੀ ਸ਼ਾਇਰ ਹੋਣ ਕਰਕੇ ਵਧ ਹੈ। ਇਨ੍ਹਾਂ ਪੰਜਾਬੀ ਵਿਚ ਵੀ ਕੁਝ ਕੁ ਨਜ਼ਮਾਂ ਤੇ ਗ਼ਜ਼ਲਾਂ ਲਿਖੀਆਂ। ਜਾਲਿਬ ਕਮਿਊਨਿਸਟ ਸਨ। ਇੱਕੋ ਵੇਲੇ ਕਮਿਊਨਿਸਟ ਹੋਣ ਤੇ ਸ਼ਾਇਰ ਹੋਣ ਨੂੰ ਬੜਿਆਂ ਨੇ ਸਮਝਣ ਦਾ ਹੀਲਾ ਕੀਤਾ ਹੈ। ਏਨੀ ਦੁਨੀਆ ਵੇਖ ਕੇ ਲੋਕ-ਹਮਾਇਤੀ ਲਿਖਾਰੀ ਨੇ ਇਹ ਗੱਲ ਸਮਝ ਲਈ ਹੈ ਕਿ ਸਮਾਜੀ ਕਰਮ ਤੇ ਸ਼ਾਇਰੀ ਨੂੰ ਰਲ਼ਗੱਡ ਕਰਨਾ ਭੁੱਲ ਹੈ ਤੇ ਨਖੇੜਨਾ ਮੂਰਖਤਾ। ਨਾਅਰੇ ਵਾਂਙ ਲਿਖੀ ਸ਼ਾਇਰੀ ਦਾ ਅਸਰ ਇਕਦਮ ਹੁੰਦਾ ਹੈ। ਇਹ ਅਸਰ ਕਿੰਨਾ ਚਿਰ ਰਹਿੰਦਾ ਹੈ? ਇਹ ਜੋਖਣ ਲਈ ਜਾਲਿਬ ਦੀ ਪੰਜਾਬੀ ਲਿਖਤ ਸ਼ਾਇਰ ਤੇ ਸ਼ਾਇਰੀ ਦੇ ਏਨੇ ਸਾਲਾਂ ਮਗਰੋਂ ਪੂਰਬੀ ਪੰਜਾਬ ਦੇ ਪਾਠਕਾਂ ਦੇ ਹੱਥਾਂ ਵਿਚ ਹੈ।

ਅਪਣੇ ਜੀਉਂਦੇ-ਜੀਅ ਇਹ ਕਿਤਾਬ ਛਪੀ ਦੇਖਣ ਦੀ ਜਾਲਿਬ ਦੀ ਬੜੀ ਰੀਝ ਸੀ। ਇਹ ਕੁਕਨੂਸ ਪ੍ਰਕਾਸ਼ਨ ਵਾਲ਼ੇ ਰਾਜਿੰਦਰ ਬਿਮਲ ਦੀ ਹਿੰਮਤ ਕਰਕੇ ਹੁਣ ਜਾ ਕੇ ਪੂਰੀ ਹੋਈ ਹੈ। ਜਾਲਿਬ ਦੇ ਸਾਥੀ ਤੇ ਆਗੂ ਅਮੀਨ ਮੁਗ਼ਲ ਦਾ ਉਰਦੂ ਚ ਲਿਖਿਆ ਲੇਖ ਅਜਮੇਰ ਕਵੈਂਟਰੀ ਨੇ ਪੰਜਾਬੀ ਚ ਉਲ਼ਥਾ ਕੇ ਦਿੱਤਾ। ਇਨ੍ਹਾਂ ਸਾਰਿਆਂ ਦਾ ਭਲਾ ਹੋਵੇ।

ਲੰਦਨ, ਅਗਸਤ 2002 —ਅਮਰਜੀਤ ਚੰਦਨ

Academy of the Punjab in North America: http://www.apnaorg.com

# ਚਿਣਾਈ


| | | | |
|---|---|---|---|
| ਪੇਸ਼ਲਫ਼ਜ਼ | – | ਅਮੀਨ ਮੁਗ਼ਲ | 7 |
| ਹਬੀਬ ਜਾਲਿਬ ਦੀ ਸ਼ਾਇਰੀ | – | | 23 |
| ਅੰਤਿਕਾ | – | ਅਮਰਜੀਤ ਚੰਦਨ | 41 |


Academy of the Punjab in North America: http://www.apnaorg.com

# ਪੇਸ਼ਲਫ਼ਜ਼

ਬੰਦੇ ਦੀ ਸ਼ਖ਼ਸੀਅਤ ਦਾ ਸ਼ਕਲ ਅਖ਼ਤਿਆਰ ਕਰਨਾ ਸਾਰੇ ਇਲਮਾਂ ਦਾ ਜ਼ਰੂਰੀ ਮੌਜ਼ੂ -ਵਿਸ਼ਾ- ਏ। ਜਿਸ ਵਿਚ ਫ਼ਿਤਰਤ, ਮਾਹੌਲ ਅਤੇ ਬੰਦੇ ਦੇ ਆਪਸੀ ਮੇਲ਼ ਤੋਂ ਤਰਤੀਬ ਪਾਉਣ ਵਾਲ਼ੀ ਬੰਦੇ ਦੀ ਨਫ਼ਸੀਆਤ -ਮਨੋਦਸ਼ਾ- ਦਾ ਮੁਤਾਲਿਆ ਕੀਤਾ ਜਾਂਦਾ ਏ। ਸਾਡੇ ਜ਼ਮਾਨੇ ਵਿਚ ਇਸ ਸਿਲਸਿਲੇ ਵਿਚ ਬਹੁਤ ਕੰਮ ਹੋ ਚੁੱਕਾ ਏ, ਪਰ ਹਾਲੀ ਪੂਰਾ ਹੋਇਆ ਨਹੀਂ ਕਿਹਾ ਜਾ ਸਕਦਾ ਤੇ ਸ਼ਾਇਦ ਕਦੇ ਪੂਰਾ ਹੋਵੇ ਵੀ ਨਾ। ਡਾਰਵਿਨ, ਫ਼ਰਾਇਡ ਤੇ ਮਾਰਕਸ ਤੋਂ ਹੁੰਦਾ ਹੋਇਆ ਇਹ ਮੌਜ਼ੂ ਅੱਜ ਇਨਸਾਨਸਾਜ਼ੀ -ਕਲੋਨਿੰਗ- ਤਕ ਜਾ ਪੁੱਜਾ ਏ ਅਤੇ ਇਹਤੋਂ ਹੁਣ ਇਹ ਬਹਿਸ ਵੀ ਸ਼ੁਰੂ ਹੋ ਗਈ ਏ ਪਈ ਕੀ ਅਸੀਂ ਇਨਸਾਨਸਾਜ਼ੀ ਕਰਦੇ-ਕਰਦੇ ਅਖ਼ਲਾਕੀ ਹੱਦਾਂ ਤੋਂ ਬਾਹਰ ਤਾਂ ਨਹੀਂ ਜਾ ਰਹੇ, ਜਿਹਦਾ ਬੁਨਿਆਦੀ ਨੁਕਤਾ ਇਸ ਗੱਲ ਦਾ ਇਮਕਾਨ -ਸੰਭਾਵਨਾ- ਏ ਕਿ ਬਣਾਉਟੀ ਢੰਗ ਨਾਲ਼ ਬਣਾਏ ਇਨਸਾਨ ਦੀ ਪੈਦਾਇਸ਼ ਦੀ ਸਾਇੰਸ ਦੀ ਗ਼ਲਤ ਵਰਤੋਂ ਹੋ ਸਕਦੀ ਏ ਅਤੇ ਮਿਸਾਲ ਦੇ ਤੌਰ 'ਤੇ ਮਸਨੂਈ ਹਿਟਲਰਾਂ ਦੀ ਨਸਲ ਪੈਦਾ ਕੀਤੀ ਜਾ ਸਕਦੀ ਹੈ, ਜਿਹੜੀ ਸ਼ਾਇਦ ਏਨੀ ਚੰਗੀ ਗੱਲ ਨਹੀਂ ਹੋਵੇਗੀ। ਜਿਥੇ ਇਨਸਾਨੀ ਇਲਮਾਂ ਚ ਏਨੀ ਤਰੱਕੀ ਹੋ ਰਹੀ ਏ, ਓਥੇ ਦੂਜੇ ਪਾਸੇ ਜ਼ਿੰਦਗੀ ਦੀ ਘੁੰਡੀ ਏਨੀ ਗੁੰਝਲ਼ਦਾਰ ਏ ਕਿ ਇਹਨੂੰ ਅੰਡਰਗਰਾਊਂਡ ਰੇਲਗੱਡੀ ਚ ਸਫ਼ਰ ਕਰਦਿਆਂ ਹੱਲ ਨਹੀਂ ਕੀਤਾ ਜਾ ਸਕਦਾ। ਇਹਦੇ ਬਾਰੇ ਸੋਚਦਿਆਂ ਕਦੇ-ਕਦੇ ਖ਼ਿਆਲ ਆਉਂਦਾ ਏ ਕਿ ਹਰ ਜੁਲਾਹਾ ਕਬੀਰ, ਹਰ ਖੱਤਰੀ ਨਾਨਕ, ਹਰ ਜੱਟ ਫ਼ੈਜ਼, ਹਰ ਸਨਾਉੱਲ੍ਹਾ ਮੀਰਾ ਜੀ ਅਤੇ ਹਰ ਸੱਯਦ

Academy of the Punjab in North America: http://www.apnaorg.com

ਬੁਲ੍ਹੇ ਸ਼ਾਹ ਅਰਾਈਂ ਕਿਉਂ ਨਹੀਂ ਬਣ ਸਕਦਾ ਜਾਂ ਬਣਦਾ? ਜ਼ਾਹਿਰ ਏ ਪਈ ਜਿਸ ਦਿਨ ਫ਼ਿਤਰਤ, ਮਾਹੌਲ ਤੇ ਬੰਦੇ ਦੇ ਮਿਲਣ ਦੀ ਸਹੀ-ਸਹੀ ਨਕਸ਼ਾਕਸ਼ੀ ਹੋ ਗਈ, ਓਸ ਦਿਨ ਹਰ ਜੁਲਾਹੇ ਨੂੰ ਕਬੀਰ ਬਣਾਇਆ ਜਾ ਸਕੇਗਾ। ਸ਼ਾਇਦ ਇੰਜ ਕਦੇ ਵੀ ਨਾ ਹੋਵੇ, ਜੇ ਹੋਇਆ ਵੀ, ਤਾਂ ਮੁਆਮਲਾ ਆਲਡਸ ਹਕਸਲੇ ਵਾਲ਼ੀ ਨਵੀਂ ਦੁਨੀਆ ਤਾਈਂ ਪਹੁੰਚ ਸਕਦਾ ਏ।

ਇਹੀ ਘੁੰਡੀ ਨੌਬਸਤੀਵਾਦੀ, ਜਗੀਰਦਾਰੀ ਸਮਾਜ ਦੇ ਪੂਰਬੀ ਪੰਜਾਬ ਦੇ ਕਿਸੇ ਪਿੰਡ ਵਿਚ ਗ਼ਰੀਬ ਘਰ ਚ ਜ਼ਿਹਨੀ ਤੌਰ 'ਤੇ ਬੰਜਰ ਅਤੇ ਬਾਂਝ ਮਾਹੌਲ ਵਿਚ ਪੈਦਾ ਹੋਣ ਵਾਲ਼ੇ ਹਬੀਬ ਅਹਮਦ ਦੀ ਏ ਕਿ ਉਹ ਹਬੀਬ ਅਹਮਦ ਤੋਂ ਹਬੀਬ ਜਾਲਿਬ ਕਿਵੇਂ ਬਣਿਆ? ਅਤੇ ਹਬੀਬ ਜਾਲਿਬ ਬਣਨ ਪਿੱਛੋਂ ਉਹ ਅਵਾਰਾ ਪੱਤੇ ਦੀ ਤਰ੍ਹਾਂ ਉਡਦਾ ਉਡਦਾ ਸਰ-ਏ-ਦਾਰ ਪਹੁੰਚਿਆ ਤੇ ਓਥੇ ਉਹਨੇ ਅਪਣਾ ਹਰਫ਼ ਸੁਣਾਇਆ। ਇਹ ਹੋਇਆ, ਪਰ ਹੋਇਆ ਕਿਵੇਂ? ਹਰ ਹਬੀਬ ਅਹਮਦ ਹਬੀਬ ਜਾਲਿਬ ਕਿਉਂ ਨਹੀਂ ਬਣਦਾ?

ਯਾਹੀਆ ਖ਼ਾਨ ਦੇ ਜ਼ਮਾਨੇ ਵਿਚ ਜਦੋਂ ਫ਼ੌਜੀਆਂ ਨੇ ਜਾਲਿਬ ਨੂੰ ਫੜ ਲਿਆ, ਤਾਂ ਮੀਆਂ ਮਹਮੂਦ ਅਲੀ ਕਸੂਰੀ ਨੇ ਜਾਲਿਬ ਦੇ ਵਾਲਿਦ ਸਾਹਿਬ ਨੂੰ ਕਿਹਾ: ਜਾਲਿਬ ਮੁਖ਼ਾਲਫ਼ਤ ਛੱਡ ਕਿਉਂ ਨਹੀਂ ਦਿੰਦਾ? – ਵਾਲਿਦ ਸਾਹਿਬ ਨੇ ਇਸ ਦਿੱਤੇ ਸੁਨੇਹੇ ਦੇ ਨਾਲ਼ ਇਹ ਵੀ ਕਿਹਾ: ਤੂੰ ਨਾਅਤਾਂ ਕਿਉਂ ਨਹੀਂ ਲਿਖਦਾ? – ਮੈਂ ਸੋਚਦਾ ਹਾਂ ਕਿ ਹਬੀਬ ਅਹਮਦ ਹਬੀਬ ਜਾਲਿਬ ਬਣਨ ਪਿੱਛੋਂ ਹਬੀਬ ਨਾਅਤਖ਼ਾ ਵੀ ਬਣ ਸਕਦੇ ਸਨ। ਜੇ ਹਬੀਬ ਜਾਲਿਬ ਨਾਅਤਖ਼ਾ ਬਣ ਜਾਂਦੇ, ਤਾਂ ਅੱਜਕਲ੍ਹ ਬੜੇ ਮਜ਼ੇ ਵਿਚ ਹੁੰਦੇ; ਪਰ ਫੇਰ ਅੱਜ ਵਾਲ਼ਾ ਹਬੀਬ ਜਾਲਿਬ ਕਿਥੋਂ ਮਿਲ਼ਦਾ?


Academy of the Punjab in North America: http://www.apnaorg.com

ਕਈ ਸਾਲ ਪਹਿਲਾਂ ਦੀ ਗੱਲ ਏ। ਲਹੌਰ ਵਿਚ ਨਵੇਂ-ਨਵੇਂ ਲਿਖਣ ਵਾਲ਼ਿਆਂ ਦਾ ਰੌਲ਼ਾ ਪਿਆ, ਤਾਂ ਇਸਲਾਮੀਆ ਕਾਲਿਜ ਵਿਚ ਯੰਗ ਰਾਈਟਰਜ਼ ਸੁਸਾਇਟੀ ਨੇ ਨਵੇਂ-ਨਵੇਂ ਲਿਖਣ ਵਾਲ਼ਿਆਂ ਦਾ ਸਿੰਪੋਜ਼ੀਅਮ ਕੀਤਾ। (ਇਸ ਸੁਸਾਇਟੀ ਦਾ ਇੰਚਾਰਜ ਮੈਂ ਸਾਂ)। ਇਹਦੇ ਚ ਸ਼ਰੀਕ ਹੋਣ ਵਾਲ਼ਿਆਂ ਦੀ ਫ਼ਹਰਿਸਤ ਪੜ੍ਹਦਿਆਂ ਪ੍ਰਿੰਸੀਪਲ ਮੇਰੇ ਪਿਆਰੇ ਦੋਸਤ ਇਫ਼ਤਿਖ਼ਾਰ ਜਾਲਿਬ ਦੇ ਨਾਂ 'ਤੇ ਅਟਕੇ: ਅਮੀਨ ਸਾਹਿਬ ਮੈਂ ਇਸ ਸ਼ਾਇਰ ਨੂੰ ਖ਼ਾਸ ਤੌਰ 'ਤੇ ਸੁਣਨਾ ਚਾਹੁੰਦਾ ਹਾਂ। – ਮੈਨੂੰ ਪਤਾ ਸੀ, ਉਹ ਕਿਸ ਜਾਲਿਬ ਦੀ ਗੱਲ ਕਰ ਰਹੇ ਹਨ। ਪਰ ਮੈਂ ਉਨ੍ਹਾਂ ਦੀ ਗ਼ਲਤਫ਼ਹਮੀ ਦੂਰ ਕਰਨੀ ਮੁਨਾਸਿਬ ਨਾ ਸਮਝੀ। ਜਦੋਂ ਇਫ਼ਤਿਖ਼ਾਰ ਜਾਲਿਬ ਨੇ ਇਹ ਸ਼ਿਅਰ ਪੜ੍ਹਿਆ:

ਬਦਮਾਸ਼ ਖ਼ਾਮੋਸ਼ੀ ਕਾ ਹਿਯੂਲਾ–ਏ–ਸ਼ਬ–ਓ–ਰੋਜ਼
ਤਮੰਨਾਓ ਕੇ ਮਖ਼ਸੂਸ ਮਕ਼ਾਮੋਂ ਸੇ ਗੁਜ਼ਰਤਾ ਹੀ ਨਹੀਂ

ਤਾਂ ਪ੍ਰਿੰਸੀਪਲ ਸਾਹਿਬ ਦਾ ਉਤਲਾ ਸਾਹ ਉੱਤੇ ਈ ਰਹਿ ਗਿਆ। ਇਹ ਉਹ ਦਿਨ ਸਨ, ਜਦੋਂ ਇਫ਼ਤਿਖ਼ਾਰ ਜਾਲਿਬ ਤੇ ਹਬੀਬ ਜਾਲਿਬ ਦੇ ਨਾਵਾਂ ਦਾ ਭੁਲੇਖਾ ਪੈ ਸਕਦਾ ਸੀ। ਹੁਣ ਤਾਂ ਸਿਰਫ਼ ਹਬੀਬ ਜਾਲਿਬ ਅਸਲੀ ਤੇ ਵੱਡਾ ਜਾਲਿਬ ਏ; ਤੇ ਇਹ ਕੋਈ ਛੋਟੀ ਗੱਲ ਨਹੀਂ।

ਪਰ ਇਹ ਉਸ ਵੇਲੇ ਹੋ ਸਕਦਾ ਏ, ਜਦੋਂ ਬੰਦਾ ਆਵਾਰਾ ਪੱਤੇ ਵਾਂਙ ਉਡਣਾ ਬੰਦ ਕਰ ਦੇਵੇ; ਸਰ-ਏ-ਦਾਰ ਪਹੁੰਚੇ ਅਤੇ ਅਪਣਾ ਹਰਫ਼ ਸੁਣਾਵੇ ਤੇ ਸੁਣਾਉਂਦਾ ਰਹੇ; ਰੁਕੇ ਨਾ – *ਲੈਲਾ ਭੀ ਹਮਨਸ਼ੀਨ ਹੋ ਤੋ ਮੌਹਮਲ ਨਾ ਕਬੂਲ ਕਰੇ...*


Academy of the Punjab in North America: http://www.apnaorg.com

ਹਬੀਬ ਜਾਲਿਬ ਦੇ ਵੱਡੇ ਹੋਣ ਚ ਉਨ੍ਹਾਂ ਦੇ ਦੋਸਤਾਂ ਦਾ ਨੁਕਸਾਨ ਏ। ਲਹੌਰ ਚ ਕਰਫ਼ਿਊ ਦੇ ਦਿਨ ਸਨ। ਸਾਡੇ ਨਿੱਕੇ ਗੁੱਗੂ ਨੂੰ ਕੁੱਤੇ ਨੇ ਵੱਢਿਆ। ਜਾਲਿਬ ਓਸੇ ਵੇਲੇ ਮੇਰੇ ਘਰ ਆ ਗਏ। ਸਾਡਾ ਦੋਹਵਾਂ ਦਾ ਕੁੱਤਾ-ਗਿਆਨ ਘਟ ਸੀ। ਨਾਲ਼ ਦੇ ਘਰ ਮਲਿਕ ਅਸਲਮ ਹਯਾਤ ਕੋਲ਼ ਗਏ। ਉਨ੍ਹਾਂ ਅਪਣੀ ਮਾਹਿਰਾਂ ਵਾਲ਼ੀ ਵਾਕਫ਼ੀਅਤ ਦੇ ਜ਼ੋਰ 'ਤੇ ਸਾਨੂੰ ਏਨਾ ਡਰਾਇਆ ਕਿ ਅਸੀਂ ਤਿੰਨੇ ਮੇਓ ਹਸਪਤਾਲ਼ ਵਲ ਤੁਰ ਪਏ। ਜਦੋਂ ਅਸੀਂ ਫ਼ੌਜੀਆਂ ਵਿਚ ਦੀ ਲੰਘਣ ਲੱਗੇ, ਤਾਂ ਛੱਤਾਂ 'ਤੇ ਖੜ੍ਹੇ ਲੋਕਾਂ ਨੇ ਜਾਲਿਬ ਨੂੰ ਵੇਖ ਕੇ ਤਾੜੀਆਂ ਮਾਰੀਆਂ। ਮੈਂ ਬੜਾ ਖ਼ੁਸ਼ ਹੋਇਆ। ਜਦ ਅਸੀਂ ਹਸਪਤਾਲ਼ੋਂ ਬਾਹਰ ਨਿਕਲ਼ੇ, ਤਾਂ ਉਨ੍ਹਾਂ ਧਰ ਲਿਆ ਸਾਨੂੰ। ਪੁਲ਼ਸ ਤੇ ਫ਼ੌਜ ਨੇ ਬਾਕੀ ਸਾਰਿਆਂ ਨੂੰ ਛਡ ਦਿੱਤਾ, ਪਰ ਸਾਨੂੰ ਬਿਠਾ ਲਿਆ। ਬੜੀ ਦੇਰ ਲਾ ਕੇ ਸਾਨੂੰ ਜ਼ਾਤੀ ਮੁਚੱਲਕੇ 'ਤੇ ਛੱਡਿਆ। ਅਸੀਂ ਸਮਝਿਆ, ਮੁਆਮਲਾ ਖ਼ਤਮ ਹੋ ਗਿਆ। ਭੁੱਟੋ ਸਾਹਿਬ ਦੀ ਹਕੂਮਤ ਦੇ ਸ਼ੁਰੂ ਚ ਆਚਾਨਕ ਸੰਮਨ ਆ ਗਏ। ਭਲਾ ਹੋਵੇ, ਸੱਯਦ ਆਬਿਦ ਅਲੀ ਆਬਿਦ ਦੇ ਸਾਹਿਬਜ਼ਾਦੇ ਦਾ ਕਿ ਉਹ ਮੈਜਿਸਟ੍ਰੇਟ ਸਨ। ਉਨ੍ਹਾਂ ਨੇ ਜਾਲਿਬ ਕਰਕੇ ਮੁਕੱਦਮਾ ਖ਼ਾਰਜ ਕਰ ਦਿੱਤਾ। ਮਤਲਬ ਕਿ ਜਾਲਿਬ ਕਰਕੇ ਦਾਦ ਵੀ ਮਿਲ਼ੀ; ਫੜੇ ਵੀ ਗਏ ਤੇ ਛੁੱਟੇ ਵੀ ਉਨ੍ਹਾਂ ਕਰਕੇ। ਇਹਦੇ ਵਿਚ ਇੱਕੋ ਕੰਮ ਖ਼ਰਾਬ ਏ – ਜਾਲਿਬ ਨਾਲ਼ ਫੜੇ ਜਾਣ ਦਾ। ਇਹੀ ਵਜ੍ਹਾ ਏ ਪਈ ਰਾਤ ਦੇ ਬਾਰਾਂ ਵਜੇ ਬਾਅਦ ਉਹਦੇ ਦੋਸਤ ਉਹਦੇ ਨਾਲ਼ ਸਫ਼ਰ ਕਰਨੋਂ ਘਬਰਾਉਂਦੇ ਹਨ। ਘੱਟੋਘੱਟ ਮੈਂ ਤੇ ਨਸ ਜਾਂਦਾ ਵਾਂ। ਕਈ ਵਾਰ ਉਹ ਸਿਆਸੀ ਹਰਕਤਾਂ ਕਰਕੇ ਫੜਿਆ ਜਾਂਦਾ ਏ। ਬਲਕਿ ਸੱਚੀ ਗੱਲ ਤਾਂ ਇਹ ਵੇ, ਫੜੇ ਜਾਣ ਦੀ ਉਹਨੂੰ ਆਦਤ ਪੈ ਗਈ ਏ। ਮੈਂ ਖ਼ੁਸ਼ਕਿਸਮਤ ਹੁੰਦਾਂ, ਜਿਹੜਾ ਬਚ ਜਾਂਦਾਂ। ਪਰ ਇਸ ਬਚਾਉ ਚ ਮੇਰੀ ਬੁਜ਼ਦਿਲੀ ਵੀ ਹੁੰਦੀ ਏ। ਇਕ ਵਾਰੀ ਜਾਲਿਬ ਸਾਹਿਬ ਮੈਨੂੰ ਲਭਦੇ-ਲਭਦੇ ਥਾਣੇ ਚਲੇ ਗਏ। ਥਾਣੇਦਾਰ ਕਹਿੰਦਾ: ਚੰਗਾ


Academy of the Punjab in North America: http://www.apnaorg.com

ਕੀਤਾ, ਆਪ ਈ ਆ ਗਏ ਓ। ਅਸੀਂ ਤੁਹਾਨੂੰ ਲੱਭਦੇ ਫਿਰਦੇ ਸਾਂ।

**ਜਾਲਿਬ ਸਾਹਿਬ ਦੀ** ਸ਼ੁਹਰਤ ਤੇ ਵਡਿੱਤਣ ਨੇ ਉਨ੍ਹਾਂ ਨੂੰ ਇਕਲਾਪੇ ਦਾ ਸ਼ਿਕਾਰ ਬਣਾ ਦਿੱਤਾ ਏ। ਉਨ੍ਹਾਂ ਨੂੰ ਅਪਣੇ ਆਲ਼-ਦੁਆਲ਼ੇ ਦੇ ਸ਼ਾਇਰਾਂ ਦੇ ਦਾਇਰੇ ਚ ਅਪਣੇ ਵਰਗੇ ਬਹੁਤ ਘਟ ਲੋਕੀਂ ਦਿਸਦੇ ਹਨ, ਜਿਹੜੇ ਉਨ੍ਹਾਂ ਵਾਂਙਣ ਹਰਫ਼-ਏ-ਹਕ਼ ਕਹਿਣ ਦੇ ਆਦੀ ਹੋਣ। ਉਨ੍ਹਾਂ ਦੀ ਸ਼ਾਇਰਾਨਾ ਅੱਤਕਥਨੀ ਅਪਣੇ ਆਪ ਚ ਮੌਜੂ ਬਣ ਗਈ ਏ। (ਇਹ ਕਿਸੇ ਹੱਦ ਤਕ ਹਰ ਸ਼ਾਇਰ ਚ ਹੁੰਦੀ ਏ)। ਉਹ ਅਪਣੇ ਆਪ ਨੂੰ ਹਸਰਤ ਮੋਹਾਨੀ ਦੀ ਰੀਤ ਦਾ ਸ਼ਾਇਰ ਸਮਝਦੇ ਨੇ। ਹੋ ਸਕਦੈ, ਕਈ ਲੋਕੀਂ ਉਹਦੀ ਇਸ ਗੱਲ ਨੂੰ ਮੰਨਣ ਨਾ।

ਹਸਰਤ ਮੋਹਾਨੀ ਦੀ ਰੀਤ ਏਨੀ ਔਖੀ ਏ ਕਿ ਬੰਦਾ ਫੇਰ ਵਿਕਣ ਜੋਗਾ ਨਹੀਂ ਰਹਿੰਦਾ। ਸ਼ੁਰੂ-ਸ਼ੁਰੂ ਚ ਉਹਦੀ ਬੋਲੀ ਪੈਂਦੀ ਏ। ਬੰਦਾ ਇਨਕਾਰ ਕਰੀ ਜਾਂਦਾ ਏ। ਉਸ ਵੇਲੇ ਹਰ ਪਾਸੇ ਵਾਹ ਵਾਹ ਤੇ ਸ਼ਾਬਾਸ਼ ਮਿਲ਼ਦੀ ਏ, ਜਿਹੜੀ ਉਹਨੂੰ ਸੂਲ਼ੀ ਚੜ੍ਹ ਜਾਣ ਲਈ ਪਰੇਰਦੀ ਏ। ਬੰਦਾ ਸੂਲ਼ੀ ਚੜ੍ਹਦਾ ਰਹਿੰਦਾ ਏ; ਉਤਰਦਾ ਰਹਿੰਦਾ ਏ; ਫੇਰ ਚੜ੍ਹਦਾ ਰਹਿੰਦਾ ਏ। ਇਹ ਚੜ੍ਹਾਈ ਉਤਰਾਈ ਉਹਦੀ ਆਦਤ ਬਣ ਜਾਂਦੀ ਏ। ਫੇਰ ਹਾਕਮ ਉਹਦੀ ਬੋਲੀ ਦੇਣੀ ਬੰਦ ਕਰ ਦਿੰਦੇ ਨੇ। ਬੰਦਾ ਅਪਣੀ ਲਗਨ ਦਾ ਏਨਾ ਪੱਕਾ ਹੋ ਜਾਂਦਾ ਏ ਕਿ ਉਹ ਹੋਰ ਕੁਝ ਕਰ ਹੀ ਨਹੀਂ ਸਕਦਾ। ਹਾਕਮਾਂ ਨੂੰ ਉਹਦੇ ਵਿਕਣ ਦੀ ਕੋਈ ਆਸ ਨਹੀਂ ਰਹਿੰਦੀ। ਹੁਸਨ ਨੂੰ ਅੱਖ-ਮਟੱਕੇ ਦੀ ਲੋੜ ਨਹੀਂ ਰਹਿੰਦੀ। ਉਹਦਾ ਕੰਮ ਸੌਖਾ ਹੋ ਜਾਂਦਾ ਏ; ਲੇਕਿਨ ਯਾ ਰੱਬ ਕਿੰਨੇ ਜਤਨਾਂ ਨਾਲ਼! ਉਹ ਜ਼ੱਰਾ ਹੁੰਦਿਆਂ ਪਹਾੜ ਨਾਲ਼ ਟਕਰਾਉਂਦਾ ਏ। ਹੁਣ ਜਾਲਿਬ ਦੀ ਬੋਲੀ ਨਹੀਂ ਪੈਂਦੀ। ਪਰ ਹਾਕਮ ਉਹਨੂੰ ਉਹਦੇ ਅਪਣੇ ਹਾਲ 'ਤੇ ਵੀ ਨਹੀਂ ਛੱਡਦੇ। ਉਹਦੀ ਵੀ ਮੁਲਾਕਾਤ


Academy of the Punjab in North America: http://www.apnaorg.com

ਹੁੰਦੀ ਏ, ਪਰ ਫ਼ੈਜ਼ ਦੀ ਮੁਲਾਕਾਤ ਤੋਂ ਵੱਖਰੀ। ਜਿਵੇਂ ਜਾਲਿਬ ਕਹਿੰਦਾ ਏ: *ਹਾਲਾਤ ਕਾ ਮਾਤਮ ਥਾ, ਮੁਲਾਕ਼ਾਤ ਕਹਾਂ ਥੀ?...* ਪਰ ਇਹ ਉਹ ਮਕਾਮ ਹੈ, ਜਿਥੇ ਸ਼ਖ਼ਸੀਅਤ ਦੀ ਮਾਨਤਾ ਹੋਣ ਲਗਦੀ ਹੈ; ਬੰਦਾ 'ਲੈਜੰਡ' ਬਣਨਾ ਸ਼ੁਰੂ ਹੋ ਜਾਂਦਾ ਏ।

ਮੈਂ ਲੋਕਾਂ ਦੀ ਹੱਲਾਸ਼ੇਰੀ ਦੀ ਗੱਲ ਕਰਕੇ ਹਟਿਆਂ। ਇਹਦੀ ਵਜ਼ਾਹਤ ਦੀ ਲੋੜ ਏ। ਮਨਸੂਰ ਤੇ ਸਰਮਦ ਨੂੰ ਸੂਲ਼ੀ 'ਤੇ ਝੂਲਦਿਆਂ ਵੇਖਣ ਲਈ ਲੋਕਾਂ ਦੀ ਭੀੜ ਲਗ ਗਈ ਸੀ। ਕੀ ਲੋਕਾਂ ਤੇ ਉਨ੍ਹਾਂ ਸ਼ਹੀਦਾਂ ਵਿਚਾਲ਼ੇ ਕੋਈ ਫ਼ਾਸਲਾ ਸੀ? ਜੇ ਨਹੀਂ ਸੀ, ਤਾਂ ਉਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਸ਼ਹੀਦ ਹੋਣੋਂ ਕਿਉਂ ਨਾ ਰੋਕਿਆ? ਇਸੇ ਬਹਿਸ ਵਿਚ ਸਮਾਜੀਅਤ ਦਾ 'ਹੀਰੋ – ਕੁਰਬਾਨੀ ਦਾ ਬੱਕਰਾ' ਦਾ ਤਸੱਵਰ ਪੈਦਾ ਹੁੰਦਾ ਏ ਕਿ ਯਸੂ ਮਸੀਹ, ਮਨਸੂਰ, ਸਰਮਦ, ਸ਼ਾਹ ਹੁਸੈਨ ਲੋਕਾਂ ਦੇ ਗੁਨਾਹਾਂ ਦਾ ਕਫ਼ਾਰਾ ਅਦਾ ਕਰਦੇ ਸਨ। ਮੈਂ ਇਸ ਤਸੱਵਰ ਦਾ ਕਾਇਲ ਨਹੀਂ ਹਾਂ; ਘੱਟੋਘੱਟ ਜਾਲਿਬ ਦੇ ਮੁਆਮਲੇ ਵਿਚ। ਜਾਲਿਬ ਨੇ ਜੇ ਮਾਰ ਖਾਧੀ ਏ, ਤਾਂ ਲੋਕ ਵੀ ਪਿੱਛੇ ਨਹੀਂ ਰਹੇ। ਜੇ ਲੋਕਾਂ ਨੇ ਮਜ਼ਾਹਮਤ [ਵਿਰੋਧ] ਵਿਖਾਈ ਏ, ਤਾਂ ਪਿਛਲੀ ਤਾਰੀਖ਼ ਵੀ ਲੋਕਾਂ ਦੀ ਮਜ਼ਾਹਮਤ ਨਾਲ਼ ਭਰੀ ਪਈ ਏ। ਏਸੇ ਕਰਕੇ ਲੋਕ ਜਾਲਿਬ ਦੇ ਪ੍ਰਸਤਾਰ ਨੇ, ਕਿਉਂਕਿ ਦੋਹਵੇਂ ਮਜ਼ਾਹਮਤ ਦੇ ਰਾਹ 'ਤੇ ਚਲਣ ਵਾਲ਼ੇ ਨੇ। ਜਾਲਿਬ ਲੋਕਾਂ ਦਾ ਸ਼ਾਇਰ ਏ, ਇਸ ਲਈ ਉਹ ਅਵਾਮ ਦੀ ਮਜ਼ਾਹਮਤ ਦਾ ਨੁਮਾਇੰਦਾ ਏ।

ਇਹ ਸਹੀ ਏ ਪਈ ਅਤਾਉੱਲਾ ਸ਼ਾਹ ਬੁਖ਼ਾਰੀ, ਉਨ੍ਹਾਂ ਦੇ ਅਪਣੇ ਕਹਿਣ ਵਾਂਙ, "ਵਾਹ ਸ਼ਾਹ ਜੀ ਵਾਹ ਜੀ" ਅਤੇ "ਆਹ ਸ਼ਾਹ ਜੀ ਆਹ" ਦੇ ਵਿਚਾਲ਼ੇ ਤਬਾਹ ਹੋ ਗਏ। [ਕਾਂਗਰਸ ਦੀ ਹਮਾਇਤੀ ਅਹਰਾਰ


Academy of the Punjab in North America: http://www.apnaorg.com

ਪਾਰਟੀ ਦੇ ਲੀਡਰ ਬੁਖ਼ਾਰੀ ਕਹਿੰਦੇ ਸਨ: ਮੈਂ ਲਹੌਰੀਆਂ ਨੂੰ ਨਹੀਂ ਜਾਣ ਸਕਿਆ। ਇਹ ਮੇਰੀ ਤਕਰੀਰ ਸੁਣ 'ਵਾਹ ਸ਼ਾਹ ਜੀ ਵਾਹ ਜੀ' ਕਰਦੇ ਹਨ ਤੇ ਜਦ ਹਾਰ ਜਾਂਦਾ ਹਾਂ, ਤਾਂ 'ਆਹ ਸ਼ਾਹ ਜੀ ਆਹ ਜੀ' ਕਰਦੇ ਹਨ। - ਸੰਪਾਦਕ] ਲੋਕ ਭਾਸ਼ਣ ਉਨ੍ਹਾਂ ਦਾ ਸੁਣਦੇ ਸਨ, ਪਰ ਵੋਟ ਉਨ੍ਹਾਂ ਦੇ ਮੁਖ਼ਾਲਿਫ਼ਾਂ ਨੂੰ ਪਾਉਂਦੇ ਸਨ। ਲੋਕ ਸ਼ਾਇਰੀ ਜਾਲਿਬ ਦੀ ਸੁਣਦੇ ਨੇ, ਪਰ ਵੋਟ ਮੀਆਂ ਮੁਹੰਮਦ ਰਫ਼ੀ ਨੂੰ ਪਾਉਂਦੇ ਨੇ। ਇਹਦਾ ਇਹ ਮਤਲਬ ਨਹੀਂ ਕਿ ਜਾਲਿਬ ਤੇ ਲੋਕ ਮੁਖ਼ਾਲਿਫ਼ ਪਾਸਿਆਂ ਵਲ ਟੁਰ ਰਹੇ ਹੁੰਦੇ ਨੇ। ਦੋਹਵੇਂ ਮਜ਼ਾਹਮਤ ਦੇ ਪਾਂਧੀ ਨੇ; ਪਰ ਦੋਹਵਾਂ ਦੇ ਦਾਉਪੇਚ ਫ਼ਰਕ ਵਾਲ਼ੇ ਹੋ ਸਕਦੇ ਨੇ ਤੇ ਇਹ ਵੀ ਹੋ ਸਕਦਾ ਏ ਕਿ ਜਾਲਿਬ ਦੀ ਟੋਰ ਤੇਜ਼ ਬੜੀ ਹੋਵੇ! ਜਾਂ ਕਿਤੇ ਇੰਜ ਤਾਂ ਨਹੀਂ ਪਈ ਆਜ਼ਾਦੀ ਲਈ ਤੜਪ, ਜੋਸ਼ ਤੇ ਜਜ਼ਬਾ ਲੋਕਾਂ ਨੂੰ ਅਤਾਉੱਲਾ ਸ਼ਾਹ ਬੁਖ਼ਾਰੀ ਤੋਂ ਮਿਲ਼ਦਾ ਸੀ, ਪਰ ਜੰਗ ਦਾ ਜਰਨੈਲ ਉਹ ਹੋਰ ਕਿਤਿਓਂ ਭਾਲ਼ਦੇ ਸਨ। ਇਹੀ ਗੱਲ ਜਾਲਿਬ ਨਾਲ਼ ਹੋ ਸਕਦੀ ਏ। ਇਸ ਲਿਹਾਜ਼ ਨਾਲ਼ ਬੁਖ਼ਾਰੀ ਤੇ ਉਨ੍ਹਾਂ ਦੇ ਸਿਆਸੀ ਦੁਸ਼ਮਣ (ਗ਼ਲਤ ਜਾਂ ਸਹੀ) ਇਕ ਦੂਜੇ ਦੇ ਮੁਖ਼ਾਲਿਫ਼ ਨਹੀਂ, ਪੂਰਕ ਨਜ਼ਰ ਆਉਂਦੇ ਸਨ। ਸ਼ਾਇਰ ਦਾ ਕੰਮ ਲੋਕਾਂ ਦੀ ਜਜ਼ਬਾਤੀ ਤਿਆਰੀ ਕਰਨਾ ਹੁੰਦਾ ਏ ਤੇ ਇਹ ਕੰਮ ਜਾਲਿਬ ਸਾਹਿਬ ਕਰਦੇ ਨੇ।

ਸਾਡੇ ਵਤਨ ਵਿਚ ਮਜ਼ਾਹਮਤ ਦਾ ਮਰਕਜ਼ੀ ਨੁਕਤਾ ਜਮਹੂਰੀ ਸਮਾਜ ਏ। ਇਹੀ ਜਾਲਿਬ ਦੀ ਸ਼ਾਇਰੀ ਦਾ ਧੁਰਾ ਏ। ਅਸੀਂ ਜਾਲਿਬ ਨੂੰ ਸ਼ਾਇਰ-ਏ-ਜਮਹੂਰੀਅਤ ਆਖ ਸਕਦੇ ਹਾਂ। ਪਰ ਜਮਹੂਰੀਅਤ ਵਸੀਹ ਤਸੱਵਰ ਏ। ਜਾਲਿਬ ਦੀ ਸ਼ਾਇਰੀ ਵਧੇਰੇ ਜਮਹੂਰੀਅਤ ਦੇ ਸਿਆਸੀ ਪਹਿਲੂ ਨਾਲ਼ ਤਅੱਲੁਕ ਰਖਦੀਆਂ ਨੇ। ਇਹ ਆਮ ਕਰਕੇ ਸਮਾਜ ਦੇ ਸਿਆਸੀ ਅਦਾਰਿਆਂ ਨਾਲ਼ ਬਹਿਸ ਕਰਦਾ ਏ - ਮਸਲਨ

Academy of the Punjab in North America: http://www.apnaorg.com

ਪਾਰਲੀਮਾਨੀ ਚੋਣਾਂ, ਰਾਏਸ਼ੁਮਾਰੀ ਵਗ਼ੈਰਾ ਨਾਲ਼ ਜਾਂ ਸਿਆਸੀ ਅਦਾਰਿਆਂ ਨਾਲ਼ ਜੁੜੇ ਮੁੱਢਲੇ ਹੱਕਾਂ ਨਾਲ਼; ਜਿਵੇਂ ਲਿਖਣ ਬੋਲਣ ਦੀ ਆਜ਼ਾਦੀ, ਜੱਥੇਬੰਦ ਹੋਣ ਦੀ ਆਜ਼ਾਦੀ ਵਗ਼ੈਰਾ ਵਗ਼ੈਰਾ। ਪਰ ਜਮਹੂਰੀਅਤ ਸਿਰਫ਼ ਖ਼ਾਸ ਕਿਸਮ ਦੇ ਸਮਾਜੀ ਅਦਾਰਿਆਂ ਜਾਂ ਇਨ੍ਹਾਂ ਨਾਲ਼ ਤੁਅੱਲਕ ਰਖਦੀਆਂ ਆਜ਼ਾਦੀਆਂ ਦਾ ਨਾਂ ਨਹੀਂ। ਜਮਹੂਰੀਅਤ ਰਵੱਈਆ ਹੈ, ਜਿਹੜਾ ਸਾਰੇ ਸਮਾਜ 'ਚ ਵਰਤਦਾ ਏ ਜਾਂ ਵਰਤਣਾ ਚਾਹੀਦਾ ਏ। ਇਹਦਾ ਤਅੱਲੁਕ਼ ਰਿਆਸਤ, ਖ਼ਾਨਦਾਨ – ਮੀਆਂ ਬੀਵੀ ਬੱਚੇ ਮਾਪੇ –ਤੇ ਫਿਰ ਇਲਮ ਫ਼ਨ ਸ਼ਾਇਰੀ ਤੇ ਕਾਰੀ –ਪਾਠਕ– ਨਾਲ਼ ਹੁੰਦਾ ਏ। ਜਾਲਿਬ ਇਨ੍ਹਾਂ ਤੁਅੱਲਕਾਤ ਬਾਰੇ ਵੀ ਗੱਲ ਕਰਦਾ ਏ, ਪਰ ਇਹਦੀ ਸ਼ਾਇਰੀ ਦਾ ਧੁਰਾ ਸਿਆਸੀ ਜਮਹੂਰੀਅਤ ਹੀ ਹੈ। ਇਹ ਪਹਿਲੂ ਸਾਡੇ ਦਰਮਿਆਨੇ ਤਬਕੇ ਨੂੰ ਸਭ ਤੋਂ ਵਧ ਅਪੀਲ ਕਰਦਾ ਏ। ਸਿਆਸੀ ਤਾਕਤ ਝਟਪਟ ਤੇ ਨੁਮਾਇਆਂ ਤੌਰ 'ਤੇ ਦਰਮਿਆਨੇ ਤਬਕੇ ਨੇ ਹੀ ਹਾਸਿਲ ਕਰਨੀ ਏ। ਇਸ ਤਬਕੇ ਦਾ ਜਮਹੂਰੀਅਤ ਦਾ ਤਸੱਵਰ ਮਾਅਸ਼ੀ –ਆਰਥਿਕ– ਜਮਹੂਰੀਅਤ ਦੇ ਤਸੱਵਰ ਨਾਲ਼ ਏਨਾ ਗਹਿਰਾ ਨਹੀਂ ਜੁੜਿਆ ਹੁੰਦਾ, ਜਿੰਨਾ ਕਿ ਨਿਚਲੇ ਤਬਕੇ ਵਾਲ਼ਿਆਂ ਦਾ ਹੁੰਦਾ ਏ। ਜਾਂ ਇੰਜ ਵੀ ਆਖਿਆ ਜਾ ਸਕਦਾ ਏ ਕਿ ਗ਼ਰੀਬਾਂ ਦਾ ਜਮਹੂਰੀਅਤ ਦਾ ਤਸੱਵਰ ਦਰਮਿਆਨੇ ਤਬਕੇ ਦੇ ਤਸੱਵਰ ਨਾਲ਼ੋਂ ਵੱਖਰਾ ਹੁੰਦਾ ਏ। ਇਹੀ ਵਜਾਹ ਏ ਪਈ ਅਸੀਂ ਜਾਲਿਬ ਨੂੰ ਉਹਦੀ ਸ਼ਾਇਰੀ ਦੇ ਬੁਨਿਆਦੀ ਮੌਜ਼ੂ ਦੀ ਬਿਨਾ 'ਤੇ ਦਰਮਿਆਨੇ ਤਬਕੇ ਦਾ ਸ਼ਾਇਰ ਕਹਿ ਸਕਦੇ ਹਾਂ। ਇਹ ਕੋਈ ਮਾੜੀ ਗੱਲ ਨਹੀਂ। ਖ਼ਾਸ ਤੌਰ 'ਤੇ ਏਸ ਲਈ ਕਿ ਸਾਡੇ ਜਿਹੇ ਐਸਿਆਂ-ਵੈਸਿਆਂ 'ਚ ਪੜ੍ਹੇ-ਲਿਖੇ ਦਰਮਿਆਨੇ ਤਬਕੇ ਤੇ ਇਹਦੇ ਦਾਨਿਸ਼ਵਰਾਂ ਦਾ ਬੜਾ ਅਹਿਮ ਕਿਰਦਾਰ ਹੁੰਦਾ ਏ। ਸਮਾਜੀ ਤਬਦੀਲੀ ਲਈ ਅਵਾਮ ਦੀ ਅਗਵਾਈ ਦਾ ਫ਼ਰਜ਼ ਇਨ੍ਹਾਂ ਲੋਕਾਂ 'ਤੇ ਆਉਂਦਾ ਏ; ਘੱਟੋਘੱਟ ਜੱਦੋਜਹਦ ਦੇ ਮੁੱਢਲੇ ਪੜਾਵਾਂ 'ਤੇ।


Academy of the Punjab in North America: http://www.apnaorg.com

ਗ਼ਾਲਿਬ ਦੀ ਸ਼ਾਇਰੀ ਵਿਚ ਜਮਹੂਰੀਅਤ ਦਾ ਇਜ਼ਹਾਰ ਜ਼ਿਆਦਾ ਕਰਕੇ ਆਮ ਢੰਗ ਨਾਲ਼ ਹੁੰਦਾ ਏ। ਇਹਦੇ ਵਿਚ ਇਮੇਜ ਤੇ ਇਮੇਜਗਰੀ ਨਾਲ਼ੋਂ ਸਿੱਧੇ ਢੰਗ ਵਾਲਾ ਬਿਆਨ ਅਪਣਾਇਆ ਜਾਂਦਾ ਏ। ਨਤੀਜਤਨ ਜਾਲਿਬ ਦੀ ਸ਼ਾਇਰੀ ਸਟੇਜ ਦੀ ਸ਼ਾਇਰੀ ਏ। ਇਹ ਤਨਹਾਈ ਵਿਚ ਗੁਣਗੁਣਾਉਣ ਵਾਲ਼ਾ ਸ਼ਾਇਰ ਨਹੀਂ। ਇਹਦੀ ਸ਼ਾਇਰੀ ਨਾਅਰਾ ਏ; ਜੰਗ ਦਾ ਗੀਤ ਏ। ਇਹਦੀ ਸ਼ਾਇਰੀ ਤਜਰਬੇ ਦੀ ਸ਼ਾਇਰੀ ਨਾਲ਼ੋਂ ਬਿਆਨ ਦੀ ਸ਼ਾਇਰੀ ਏ।

ਇਸ ਪੱਧਰ 'ਤੇ ਆ ਕੇ ਇੰਤਹਾਪਸੰਦ ਹਾਮੀ ਤੇ ਮੁਖ਼ਾਲਿਫ਼ ਮੈਦਾਨ ਵਿਚ ਆ ਕੁਦਦੇ ਨੇ। ਹਾਮੀ ਆਂਹਦੇ ਨੇ – ਬਸ ਜਾਲਿਬ ਦੀ ਸ਼ਾਇਰੀ ਹੀ ਅਸਲ ਸ਼ਾਇਰੀ ਏ। ਖ਼ੁਦ ਜਾਲਿਬ ਵੀ, ਭਾਵੇਂ ਖੁਲ੍ਹ ਕੇ ਨਹੀਂ, ਦੱਬੀ ਸੁਰ ਵਿਚ ਇਹਦਾ ਇਜ਼ਹਾਰ ਕਰਦਾ ਏ। ਇਹਦੇ ਮੁਖ਼ਾਲਿਫ਼ ਇਹਨੂੰ ਸ਼ਾਇਰ ਮੰਨਣੋਂ ਹੀ ਇਨਕਾਰ ਕਰ ਦਿੰਦੇ ਨੇ। ਜੇ ਮੰਨਦੇ ਨੇ, ਤਾਂ ਐਵੇਂ-ਜਿਹਾ।

ਇਹ ਦੋਹਵੇਂ ਰਵੱਈਏ, ਜੇ ਤੁਸੀਂ ਇਜਾਜ਼ਤ ਦਿਓ, ਤਾਂ ਸ਼ਾਇਰ ਦੀ ਰੇਂਜ ਨੂੰ ਨਾ ਸਮਝਣ ਤੋਂ ਬਣਦੇ ਨੇ। ਸ਼ਾਇਰੀ ਦੀ ਰੇਂਜ ਬੱਚਿਆਂ ਦੀ ਸ਼ਾਇਰੀ ਤੋਂ ਲੈ ਕੇ, ਸਗੋਂ ਨੌਨਸੈਂਸ ਸ਼ਾਇਰੀ ਤੋਂ ਲੈ ਕੇ ਤਨਹਾਈ ਵਿੱਚੋਂ ਲੰਘਦੀ ਸਟੇਜ ਤਾਈਂ ਫੈਲੀ ਹੋਈ ਏ। ਹੁਣ ਬੱਚਿਆਂ ਦੀ ਸ਼ਾਇਰੀ ਨੂੰ ਸ਼ਾਇਰੀ ਕਿਵੇਂ ਨਹੀਂ ਮੰਨਿਆ ਜਾ ਸਕਦਾ? ਤੇ ਇਹ ਕਿੱਥੋਂ ਦਾ ਇਨਸਾਫ਼ ਏ ਕਿ ਇਹਦਾ ਮੁਕਾਬਲਾ ਬਾਲਗ਼ਾਂ ਜਾਂ ਨੌਬਾਲਗ਼ਾਂ ਦੀ ਸ਼ਾਇਰੀ ਨਾਲ਼ ਕੀਤਾ ਜਾਵੇ? ਇਸਮਾਈਲ ਮੇਰਠੀ ਤੇ ਸੂਫ਼ੀ ਗ਼ੁਲਾਮ ਮੁਸਤਫ਼ਾ ਤਬੱਸਮ ਦੀ ਬੱਚਿਆਂ ਦੀ ਸ਼ਾਇਰੀ ਦਾ, ਮਸਲਨ, ਅਬਦੁੱਲ ਅਜ਼ੀਜ਼ ਖ਼ਾਲਿਦ ਦੀ ਸ਼ਾਇਰੀ (?) ਨਾਲ਼ ਮੁਕਾਬਲਾ ਕੀਤਾ ਜਾਵੇ? ਇੰਜ ਹੀ, ਕੀ ਇਹ

Academy of the Punjab in North America: http://www.apnaorg.com

ਕਿਹਾ ਜਾ ਸਕਦਾ ਏ ਕਿ ਸਮਾਜੀ ਜ਼ਿੰਦਗੀ ਵਿਚ ਸਟੇਜ ਤੇ ਸਿਆਸਤ ਦੀ ਕੋਈ ਥਾਂ ਨਹੀਂ? ਜੇ ਸਟੇਜ ਤੇ ਸਿਆਸਤ ਨੂੰ ਹੀ ਪੂਰੇ ਸਮਾਜ ਤੇ ਬੰਦੇ ਦੀ ਪੂਰੀ ਜ਼ਿੰਦਗੀ ਸਮਝ ਲਿਆ ਜਾਵੇ, ਤਾਂ ਇਹ ਵੀ ਜ਼ਿਆਦਤੀ ਹੋਵੇਗੀ।

ਇਹ ਵੇਖਣ ਦੀ ਲੋੜ ਏ ਕਿ ਕਿਸੇ ਵੇਲੇ ਸਮਾਜ ਵਿਚ ਬੁਨਿਆਦੀ ਤਰਜੀਹ ਕਿਹੜੀ ਚੀਜ਼ ਨੂੰ ਹਾਸਿਲ ਏ? ਖ਼ਿਲਵਤ –ਇਕੱਲਤਾ– ਨੂੰ ਜਾਂ ਜਲਵਤ –ਮਹਿਫ਼ਲ– ਨੂੰ? ਜਲਵਤ ਨੂੰ ਤਰਜੀਹ ਦੇਣ ਵਾਲੇ ਆਮ ਤੌਰ ’ਤੇ ਤਰੱਕੀਪਸੰਦੀ ਦੇ ਨਾਂ ’ਤੇ ਤਰਜੀਹ ਦਿੰਦੇ ਨੇ। ਮੇਰੇ ਖ਼ਿਆਲ ’ਚ ਇਹ ਰਵੱਈਆ ਵੀ ਗ਼ਲਤ ਏ। ਤਰੱਕੀਪਸੰਦੀ ਦਾ ਇਹ ਮਤਲਬ ਨਹੀਂ ਕਿ ਕੁਝ ਖ਼ਾਸ ਖ਼ਾਸ ਮੌਜ਼ੂਆਂ ਨੂੰ ਲਿਖਣ ਲਈ ਰਾਖਵਾਂ ਰਖ ਲਿਆ ਜਾਏ। ਇਸ ਤੋਂ ਵਧ ਤਰੱਕੀਪਸੰਦੀ ਰਵੱਈਏ ਦਾ ਨਾਂ ਏ, ਜਿਹੜਾ ਸਮਾਜ ਤੇ ਫ਼ਿਤਰਤ ਬਾਰੇ ਇਨਸਾਨ ਦੀ ਸੋਚ ਵਿੱਚੋਂ ਬਣਦਾ ਏ। ਤਰੱਕੀਪਸੰਦ ਅਦੀਬ ਮੱਖੀ ਨੂੰ ਵੀ ਮੌਜ਼ੂ ਬਣਾ ਸਕਦਾ ਏ ਅਤੇ ਇਨਕਲਾਬ ਨੂੰ ਵੀ। ਵੇਖਣਾ ਤਾਂ ਇਹ ਵੇ ਪਈ ਉਹਦਾ ਉਨ੍ਹਾਂ ਵਲ ਕੀ ਰਵੱਈਆ ਏ? ਏਸ ਤਰ੍ਹਾਂ ਵੀ ਹੋ ਸਕਦਾ ਏ ਤੇ ਹੋਇਆ ਵੀ ਏ ਪਈ ਲੋਕਾਂ ਨੇ ਇਨਕਲਾਬ ਦੇ ਨਾਂ ’ਤੇ ਦਰਅਸਲ ਫ਼ਾਸ਼ਿਜ਼ਿਮ ਦਾ ਪ੍ਰਚਾਰ ਕੀਤਾ ਏ। ਅਦਬ ਦਾ ਤਰੱਕੀਪਸੰਦ ਤਸੱਵਰ ਦਰਅਸਲ ਅਦੀਬਾਂ ਤੋਂ ਇਸ ਗੱਲ ਦੀ ਮੰਗ ਕਰਦਾ ਏ ਪਈ ਉਹ ਪੂਰੇ ਸਮਾਜ ਦੇ ਵਰਤਾਰੇ, ਅਦਾਰਿਆਂ ਤੇ ਆਪਸੀ ਰਿਸ਼ਤਿਆਂ ਵਗ਼ੈਰਾ ਨੂੰ ਅਪਣਾ ਮੌਜ਼ੂ ਬਣਾਉਣ। ਤਰੱਕੀਪਸੰਦ ਅਦਬ ਨੂੰ ਤਰੱਕੀਪਸੰਦ ਸਮਾਜ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਏ ਅਤੇ ਅਪਣੇ ਸਾਰੇ ਵਰਤਾਰੇ ਵਿਚ ਜਿਹੜਾ ਸ਼ਖ਼ਸ ਤਰੱਕੀਪਸੰਦ ਸਟੇਜ ਦੀ ਸ਼ਾਇਰੀ ਕਰਦਾ ਏ, ਉਹ ਪਹਿਲਾਂ ਅਪਣੀਆਂ ਤਨਹਾਈਆਂ ਵਿਚ ਤਰੱਕੀਪਸੰਦ ਬਣ ਚੁੱਕਿਆ ਹੁੰਦਾ ਏ ਜਾਂ


Academy of the Punjab in North America: http://www.apnaorg.com

ਤਰੱਕੀਪਸੰਦ ਬਣਨ ਦੇ ਆਹਰ ਵਿਚ ਹੁੰਦਾ ਏ। ਉਹ ਸ਼ਖ਼ਸ ਜਿਹੜਾ ਅਪਣੀ ਬਾਕੀ ਜ਼ਿੰਦਗੀ ਵਿਚ ਸੋਚ ਦੀ ਪੱਧਰ ਉੱਤੇ ਰੁਜਅਤਪਸੰਦ – ਪਿਛਾਂਹਖਿੱਚੂ– ਰੁਚੀਆਂ ਵਾਲ਼ਾ ਹੋਵੇ, ਉਹ ਕਿਸੇ ਤਰੱਕੀਪਸੰਦ ਸ਼ਾਇਰ ਦੀ ਜਲਵਤ ਦੀ ਸ਼ਾਇਰੀ ਨੂੰ ਕਿਵੇਂ ਪਸੰਦ ਕਰੇਗਾ? ਕਿਉਂਕਿ ਉਨ੍ਹਾਂ ਦੋਹਵਾਂ ਦੀਆਂ ਕਦਰਾਂ ਵੱਖਰੀਆਂ ਹੋਣਗੀਆਂ। ਇਸ ਲਿਹਾਜ਼ ਨਾਲ਼ ਕਿਸੇ ਤਰੱਕੀਪਸੰਦ ਦੇ ਸ਼ਕਲ ਧਾਰਨ ਵਿਚ ਜਲਵਤ ਤੇ ਖ਼ਿਲਵਤ ਦੋਹਵਾਂ ਦਾ ਤੇ ਦੂਸਰੇ ਅਦਬਾਂ ਤੇ ਫ਼ਨਾਂ ਦਾ ਹਿੱਸਾ ਹੁੰਦਾ ਏ। ਜੇ ਵੇਖਿਆ ਜਾਵੇ, ਤਾਂ ਬੱਚਿਆਂ ਦੀ ਨਜ਼ਮ ਵੀ ਏਨੀ ਹੀ ਤਰੱਕੀਪਸੰਦ ਹੋ ਸਕਦੀ ਏ, ਜਿੰਨਾ ਫ਼ੈਜ਼ ਦਾ ਕਲਾਮ।

ਏਥੇ ਇਕਬਾਲ ਦੀ ਗੱਲ ਕਰ ਸਕਦੇ ਹਾਂ। ਇਕਬਾਲ ਦੀ ਸ਼ਾਇਰੀ ਦੀ ਰੇਂਜ ਦੀਆਂ ਹੱਦਾਂ ਬੱਚੇ ਦੀ ਦੁਆ ਤੋਂ ਲੈ ਕੇ *ਸਾਕ਼ੀਨਾਮਾ* ਅਤੇ *ਮਸਜਦ-ਏ-ਕਰਤਬਾ* ਤਾਈਂ ਫੈਲੀਆਂ ਹੋਈਆਂ ਨੇ। ਕਿਹੜਾ ਇਕਬਾਲ ਵੱਡਾ ਏ? ਕਿਹੜਾ ਇਕਬਾਲ ਤਰੱਕੀਪਸੰਦ ਏ?

ਮੈਂ ਇਹ ਨਹੀਂ ਜੇ ਆਖ ਰਿਹਾ ਪਈ ਇਕਬਾਲ ਦੀ ਅੰਨ੍ਹੀ ਰੀਸ ਕੀਤੀ ਜਾਵੇ। ਜੇ ਇੰਜ ਹੋਵੇ, ਤਾਂ ਬੰਦਾ ਵਧ ਤੋਂ ਵਧ ਅਮੀਨ ਹਜ਼ੀਂ ਸਿਆਲ਼ਕੋਟੀ ਬਣ ਜਾਵੇਗਾ। ਮੀਰਾ ਜੀ ਦੀ ਰੀਸ ਮੇਰੇ ਪਿਆਰੇ ਦੋਸਤ ਮੁਬਾਰਕ ਅਹਮਦੀ ਦੀ ਸ਼ਕਲ ਵਿਚ ਜ਼ਾਹਿਰ ਹੋਵੇਗੀ। ਤੇ ਫ਼ੈਜ਼ ਦਾ ਜਾਂਨਸ਼ੀਨ...ਚਲੋ ਛੱਡੋ ਲੋਕੀਂ ਨਾਰਾਜ਼ ਹੋ ਜਾਣਗੇ। (ਮੈਂ ਬੜਾ ਦੰਭੀ ਹਾਂ, ਸਿਰਫ਼ ਚੁੱਪ ਰਹਿ ਕੇ ਹੀ ਜਹਾਦ ਕਰਦਾ ਹਾਂ)। ਇਕਬਾਲ ਦੀ ਰੇਂਜ ਦੀ ਗੱਲ ਕਰਨ ਦਾ ਇਕ ਹੋਰ ਭੇਤ ਏ। ਮੈਂ ਗ਼ਾਲਿਬ ਦੇ ਅਕੀਦਤਮੰਦ ਹੋਣ ਦੀ ਹੈਸੀਅਤ ਵਿਚ ਇਨ੍ਹਾਂ ਨੂੰ ਦਰਖ਼ਾਸਤ ਕਰਨਾ ਚਾਹੁੰਦਾ ਹਾਂ ਪਈ ਇਨ੍ਹਾਂ ਨੂੰ ਜਮਹੂਰੀਅਤ ਦੇ ਸਿੱਧੇ ਸਿਆਸੀ ਪਹਿਲੂ ਤੇ ਮਜ਼ਾਹਿਰ ਤੋਂ


Academy of the Punjab in North America: http://www.apnaorg.com

ਬਿਨਾਂ ਹੁਣ ਉਹਦੇ ਦੂਜੇ ਅਦਾਰਿਆਂ (ਜਿਨ੍ਹਾਂ ਵਲ ਮੈਂ ਪਹਿਲਾਂ ਇਸ਼ਾਰਾ ਕਰ ਚੁੱਕਾ ਹਾਂ) ਵਲ ਵੀ ਤਵੱਜੋ ਦੇਣੀ ਚਾਹੀਦੀ ਏ। ਉਰਦੂ ਸ਼ਾਇਰੀ ਵਿਚ ਇਸ ਦੌਰ ਦਾ ਦੂਸਰਾ ਨਜ਼ੀਰ ਅਕਬਰਾਬਾਦੀ ਸ਼ਾਇਦ ਨਾ ਆਵੇ, ਪਰ ਇਹਦੀ ਘਾਟ ਜ਼ਰੂਰ ਰੜਕਦੀ ਏ।

ਇਕ ਹੋਰ ਪਹਿਲੂ ਦੀ ਨਿਸ਼ਾਨਦੇਹੀ ਵੀ ਜ਼ਰੂਰੀ ਏ। ਜਾਲਿਬ ਮਾਹਿਰ ਗ਼ਜ਼ਲਗੋ ਸ਼ਾਇਰ ਏ, ਪਰ ਇਹਨੇ ਸਮਝ-ਸੋਚ ਕੇ ਗ਼ਜ਼ਲ ਨੂੰ ਛੱਡ ਕੇ ਜਾਂ ਗ਼ਜ਼ਲ ਵਲ ਘਟ ਤਵੱਜੋ ਕਰਕੇ ਬਹੁਤ ਵੱਡੀ ਕੁਰਬਾਨੀ ਦਿੱਤੀ ਏ। ਮੇਰੀ ਖ਼ਾਹਿਸ਼ ਏ, ਜਿਹੜੀ ਮੈਂ ਜਾਲਿਬ ਨੂੰ ਕਈ ਵਾਰੀ ਦਸ ਚੁੱਕਾ ਹਾਂ, ਪਈ ਉਹ ਗ਼ਜ਼ਲ ਵਲ ਕੁਝ ਵਧ ਧਿਆਨ ਦੇਣ। ਖ਼ੁਦ ਜਾਲਿਬ ਦੀ ਜ਼ਿੰਦਗੀ ਵਿਚ ਏਨੇ ਸੱਨਾਟੇ, ਵੀਰਾਨ ਖੰਡਰ, ਮਰਘਟ ਮਜ਼ਾਰ ਛੁਪੇ ਹੋਏ ਨੇ ਪਈ ਇਹ ਵਾਰਦਾਤ ਦੀ ਨਵੀਂ ਦੁਨੀਆ ਵਸਾ ਸਕਦਾ ਏ। ਜੇ ਇਹ ਚਾਹਵੇ, ਤਾਂ ਨਵਾਂ ਬਿਲਕੁਲ ਵੱਖਰੀ ਕਿਸਮ ਦਾ ਮੁਨੀਰ ਨਿਆਜ਼ੀ ਬਰਾਮਦ ਕਰ ਸਕਦਾ ਏ, ਜਿਹੜਾ ਉਮੀਦਾਂ ਦਾ ਨਕਸ਼ਾ ਵੀ ਵਿਖਾਵੇ।

ਜਾਲਿਬ ਨੇ ਹੁਣ ਤਾਈਂ ਉਰਦੂ ਨੂੰ ਅਪਣੀ ਸ਼ਾਇਰੀ ਦੀ ਜ਼ਬਾਨ ਬਣਾਇਆ ਏ। ਇਹਦੀ ਪੰਜਾਬੀ ਸ਼ਾਇਰੀ ਬਹੁਤ ਘਟ ਏ। ਲੇਕਿਨ ਵਕਤ ਦੇ ਨਾਲ਼ ਨਾਲ਼ ਸਾਡੇ ਨਿਚਲੇ ਤਬਕੇ ਦੇ ਲੋਕਾਂ ਦੇ ਸਿਆਸਤ ਵਿਚ ਸਿੱਧਾ ਹਿੱਸਾ ਲੈਣ ਦੇ ਇਮਕਾਨ ਵਧਦੇ ਜਾ ਰਹੇ ਨੇ। ਕੀ ਜਾਲਿਬ ਤੋਂ ਇਹ ਤਵੱਕੋ ਰਖੀ ਜਾ ਸਕਦੀ ਏ ਕਿ ਉਹ ਪੰਜਾਬੀ ਵਲ ਵੀ ਧਿਆਨ ਦੇਵੇਗਾ?

ਜਾਲਿਬ ਦੀ ਸ਼ਾਇਰੀ ਵਿਚ ਵਕਤ ਦੇ ਨਾਲ਼ ਨਾਲ ਅਪਣੀ


Academy of the Punjab in North America: http://www.apnaorg.com

ਸ਼ਾਇਰਾਨਾ ਵਿਲੱਖਣਤਾ ਦਾ ਅਹਸਾਸ ਤੇ ਉਹਦਾ ਇਜ਼ਹਾਰ ਵਧਦਾ ਜਾ ਰਿਹਾ ਏ। ਸੱਚੀ ਗੱਲ ਤਾਂ ਇਹ ਵੇ ਪਈ ਅਪਣੇ ਆਪ ਬਾਰੇ ਕਹਿਣਾ ਜਾਲਿਬ ਨੂੰ ਹੀ ਸੋਭਦਾ ਏ। ਕਈ ਸ਼ਾਇਰਾਂ ਚ ਇਹਦੀ ਵਿਗੜੀ ਹੋਈ ਹਾਲਤ ਥਾਂ-ਥਾਂ ਸ਼ੇਖ਼ੀ ਦੀ ਸ਼ਕਲ ਵਿਚ ਜ਼ਾਹਿਰ ਹੁੰਦੀ ਏ। ਹੁਸੈਨ, ਮਨਸੂਰ ਤੇ ਸਰਮਦ, ਸੁਕਰਾਤ ਤੇ ਮਸੀਹ ਦੇ ਹਵਾਲੇ ਬੜੇ ਖੁਲ੍ਹ ਕੇ ਦਿੱਤੇ ਜਾ ਸਕਦੇ ਨੇ। ਅੱਤਕਥਨੀ ਤੇ ਜਮਹੂਰੀਅਤ ਦਾ ਵੈਰ ਏ। ਜਮਹੂਰੀਅਤ ਪਹਿਲਾਂ ਇਸ ਗੱਲ ਨੂੰ ਮੰਨਦੀ ਏ ਪਈ ਹਰ ਕਿਸਮ ਦੇ ਲੋਕ ਸਮਾਜ ਵਿਚ ਹਿੱਸਾ ਪਾਉਂਦੇ ਨੇ ਤੇ ਸਮਾਜੀ ਤਬਦੀਲੀ ਕੋਈ ਇਕ ਬੰਦਾ ਨਹੀਂ ਲਿਆ ਸਕਦਾ। ਅਵਾਮ ਦੀ ਜੱਦੋਜਹਦ ਦੇ ਗੀਤ ਗਾਉਣਾ ਹੀ ਅਸਲ ਤਰੱਕੀਪਸੰਦੀ ਏ। ਇਕ ਰੁੱਖ ਵਣ ਨਹੀਂ ਹੁੰਦਾ।

ਇਸ ਤੋਂ ਵਧ ਕੇ ਇਹ ਗੱਲ ਏ ਪਈ ਹਰਫ਼ ਦੀ ਅਸਮਤ ਦੀ ਕਸਮ ਖਾਣਾ ਮੌਜੂ ਤਾਂ ਹੈ; ਲੇਕਿਨ ਖ਼ਤਰਾ ਇਹ ਵੇ, ਜੇ ਇਹ ਮਰਕਜ਼ੀ ਤੇ ਬੁਨਿਆਦੀ ਮੌਜ਼ੂ ਬਣ ਜਾਏ, ਤਾਂ ਜ਼ਿੰਦਗੀ ਦੀ ਏਨੀ ਵੱਡੀ ਰੇਂਜ ਗ਼ਾਇਬ ਹੋ ਜਾਂਦੀ ਏ। ਹਰਫ਼ ਦੀ ਅਸਮਤ ਬਰਕਰਾਰ ਰੱਖਣ ਦਾ ਦਾਅਵਾ ਉਸ ਸਰਗਰਮੀ ਦੀ ਥਾਂ ਲੈ ਲੈਂਦਾ ਏ, ਜਿਹਨੂੰ ਅਦਾ ਕਰਨ ਨਾਲ਼ ਹੀ ਹਰਫ਼ ਦੀ ਅਸਮਤ ਬਰਕਰਾਰ ਰਹਿ ਸਕਦੀ ਏ। ਤੁਸੀਂ ਜਾਣਦੇ ਹੀ ਹੋ ਪਈ ਹਰਫ਼ ਤੇ ਕਰਮ [ਡੀਡ], ਦਾਅਵਾ ਤੇ ਸਬੂਤ ਦੋ ਵੱਖ ਵੱਖ ਗੱਲਾਂ ਨੇ।

ਜਾਲਿਬ ਹੁਣ ਅਪਣੇ ਫ਼ਨ ਦੇ ਉਸ ਮਕਾਮ 'ਤੇ ਅਪੜ ਗਿਆ ਏ, ਜਿਥੇ ਇਹਨੂੰ ਦੂਜਿਆਂ ਦਾ ਡਰ ਨਹੀਂ ਰਿਹਾ ਅਤੇ ਇਹ ਇਜੇਹਾ ਮਕਾਮ ਏ, ਜਿਥੇ ਇਹਨੂੰ ਅਪਣੇ ਆਪ ਤੋਂ ਡਰਨਾ ਚਾਹੀਦਾ ਏ। ਡੀਲਕਸ ਐਡੀਸ਼ਨ ਛਪਣਾ ਜੇ ਇਸ ਗੱਲ ਦਾ ਏਲਾਨ ਏ ਕਿ ਲਿਖਣ


Academy of the Punjab in North America: http://www.apnaorg.com

ਵਾਲ਼ਾ ਕਲਾਸਿਕ ਹੋ ਗਿਆ, ਤਾਂ ਦੂਜੇ ਪਾਸੇ ਇਸ ਤੋਂ ਇਸ ਗੱਲ ਦਾ ਵੀ ਖ਼ਤਰਾ ਏ ਕਿ ਇਹਨੂੰ ਤਾਕ ਚ ਟਿਕਾ ਦਿੱਤਾ ਜਾਏ – ਇਹਨੂੰ ਲਿਖਿਆ ਜਾਵੇ; ਮੁਹਰ ਲਾਈ ਜਾਵੇ; ਤੇ ਜਿਹਦਾ ਸਰਨਾਮਾ ਹੋਵੇ, ਉਹਦੇ ਤਕ ਪਹੁੰਚਦਾ ਕਰ ਦਿੱਤਾ ਜਾਵੇ। ਜਾਂ ਇੰਜ ਆਖ ਲਵੋ ਕਿ ਅਪਣੇ ਸਿਸਟਮ ਵਿੱਚੋਂ ਕਢ ਦਿੱਤਾ ਜਾਵੇ। ਐਸੇ ਵੇਲੇ ਲਿਖਣ ਵਾਲ਼ਾ ਤਸੱਲੀ ਤੋਂ ਖ਼ੁਦਇਤਮੀਨਾਨੀ (ਸਮੱਗਨੈੱਸ) ਯਾਨੀ ਖ਼ਾਸ ਕਿਸਮ ਦੀ ਤੰਗਨਜ਼ਰੀ ਦੀ ਮੰਜ਼ਲ ਵਿਚ ਦਾਖ਼ਲ ਹੋ ਸਕਦਾ ਏ। ਇਸ ਤੋਂ ਬਚਣ ਲਈ ਲਗਾਤਾਰ ਅਪਣੇ ਆਪ ਦੀ ਤਨਕੀਦ ਦੀ ਲੋੜ ਏ, ਕਿਉਂਕਿ ਦਿਆਨਤ ਦੀ ਕੀਮਤ ਲਗਾਤਾਰ ਬੇਦਾਰੀ ਹੁੰਦੀ ਏ। ਫ਼ਨ, ਖ਼ਾਸ ਤੌਰ 'ਤੇ ਜ਼ਾਲਿਬ ਵਾਲ਼ਾ ਫ਼ਨ ਮੁਸੱਲਸੱਲ –ਲਗਾਤਾਰ– ਜੱਦੋਜਹਦ ਦਾ ਤਕਾਜ਼ਾ ਕਰਦਾ ਏ। ਜ਼ਾਲਿਬ ਫ਼ਨ ਦਾ ਇਮਾਮ ਏ, ਸਗੋਂ ਮੁਸੱਲਸੱਲ ਜੱਦੋਜਹਦ ਦਾ ਵੀ। ਇਹਦੇ ਵਰਗਾ ਸੂਝ ਵਾਲ਼ਾ ਬੰਦਾ ਲਗਾਤਾਰ ਜਿਉਂਦਾ ਰਹਿੰਦਾ ਏ; ਮਰ ਕੇ ਵੀ। ਉਹਦੇ ਸ਼ੌਕ ਦਾ ਸਫ਼ਰ ਪੂਰਾ ਨਹੀਂ ਹੋਇਆ ਕਰਦਾ। ਇਸ ਲਈ ਉਹ ਹਰਫ਼ ਦਾ ਇਜ਼ਹਾਰ ਮੁਸੱਲਸੱਲ ਸਰ-ਏ-ਦਾਰ ਵੀ ਕਰਦਾ ਏ।

ਮੁਸੀਬਤ ਇਹ ਵੇ ਪਈ ਹਰ ਨਵਾਂ ਫ਼ਨਕਾਰ ਰਵਾਇਤ ਦੇ ਹਿਮਾਲਾ ਪਰਬਤ ਤੋਂ ਸਫ਼ਰ ਸ਼ੁਰੂ ਕਰਦਾ ਏ, ਲੇਕਿਨ ਨਾਲ਼-ਨਾਲ਼ ਉਹ ਅਪਣਾ ਮਿਆਰ ਬਣਾਉਂਦਾ ਜਾਂਦਾ ਏ। ਉਸ ਪਿੱਛੋਂ ਲੋਕ ਉਹਦੇ ਕੋਲ਼ੋਂ ਹਮੇਸ਼ਾ ਓਸੇ ਮਿਆਰ ਦੀ ਤਵੱਕੋ ਕਰਦੇ ਨੇ। ਇਕਬਾਲ ਨੂੰ ਅਮੀਨ ਹਜ਼ੀਂ ਸਿਆਲ਼ਕੋਟੀ ਦੇ ਮਿਆਰ ਤੋਂ ਨਹੀਂ ਨਾਪਿਆ ਜਾ ਸਕਦਾ। ਹਬੀਬ ਜ਼ਾਲਿਬ ਦਾ ਫ਼ਨ ਤੇ ਅਮਲ ਉਨ੍ਹਾਂ ਮਿਆਰਾਂ ਤੋਂ ਪਰਖਿਆ ਜਾਏਗਾ, ਜਿਹੜਾ ਉਹ ਆਪ ਕਾਇਮ ਕਰ ਚੁੱਕਾ ਏ। ਇਹ ਮਿਆਰ ਏਨੇ ਉੱਚੇ ਨੇ ਕਿ ਡਰ ਲਗਦਾ ਏ; ਘੱਟੋਘੱਟ ਮੇਰੇ ਵਰਗੇ ਬੰਦੇ ਨੂੰ। ਹਬੀਬ ਜ਼ਾਲਿਬ


Academy of the Punjab in North America: http://www.apnaorg.com

ਅਪਣੀ ਅਜ਼ਮਤ ਦਾ ਯਰਗ਼ਮਾਲ (ਹੋਸਟੇਜ) ਏ।

ਗੱਲ ਚੱਲੀ ਸੀ ਹਬੀਬ ਅਹਮਦ ਤੋਂ; ਮੀਰਾ ਜੀ ਯਾਦ ਆ ਗਏ। ਅਖ਼ਲਾਕ ਅਹਮਦ ਦਿਹਲਵੀ ਨੇ ਲਿਖਿਆ ਏ ਪਈ ਬੰਬਈ ਵਿਚ ਮੀਰਾ ਜੀ ਦੇ ਯਾਰਾਂ-ਦੋਸਤਾਂ ਨੇ ਉਹਨੂੰ ਤਹਲੀਲ-ਏ-ਨਫ਼ਸੀ (ਸਾਈਕੋਅਨੈੱਲਸਿਸ) ਕਰਵਾਣ ਦੀ ਸਲਾਹ ਦਿੱਤੀ। ਮੀਰਾ ਜੀ ਨੇ ਨਾਂਹ ਕਰ ਦਿੱਤੀ ਕਿ ਫੇਰ ਸਨਾਉੱਲ੍ਹਾ ਰਹਿ ਜਾਵੇਗਾ; ਮੀਰਾ ਜੀ ਤਾਂ ਗ਼ਾਇਬ ਹੋ ਜਾਵੇਗਾ। ਮੇਰੀ ਦੁਆ ਏ ਪਈ ਹਬੀਬ ਜਾਲਿਬ ਵੀ ਹਬੀਬ ਜਾਲਿਬ ਹੀ ਰਹੇ।

– ਲੰਦਨ ਵਿਚ ਸੰਨ 1988 ਵਿਚ ਜਾਲਿਬ ਦੇ ਕੁੱਲ ਕਲਾਮ
*ਹਰਫ਼-ਏ-ਸਰ-ਏ-ਦਾਰ* ਦੀ ਚੱਠ ਵੇਲੇ ਉਰਦੂ 'ਚ ਪੜ੍ਹੇ ਲੇਖ ਦੇ ਵਿੱਚੋਂ-ਵਿੱਚੋਂ

---

ਉਰਦੂ, ਪੰਜਾਬੀ ਅਦਬ ਦੇ ਵਿਦਵਾਨ ਅਮੀਨ ਮੁਗ਼ਲ (ਜਨਮ 1935, ਕੋਟਲੀ ਲੁਹਾਰਾਂ, ਸਿਆਲ਼ਕੋਟ) ਸੰਨ 1985 ਤੋਂ ਲੰਦਨ 'ਚ ਸਿਆਸੀ ਪਨਾਹਗੀਰ ਹਨ। ਲਹੌਰ ਰਹਿੰਦਿਆਂ ਇਹ ਇਸਲਾਮੀਆ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦੇ ਹੁੰਦੇ ਸਨ। ਅੰਗਰੇਜ਼ੀ ਹਫ਼ਤੇਵਾਰ *ਵਿਊਪੁਆਇੰਟ* ਦੇ ਸੰਪਾਦਕ ਸਨ। ਨੈਸ਼ਨਲ ਅਵਾਮੀ ਪਾਰਟੀ ਦੇ ਜਨਰਲ ਸੈਕ੍ਰੇਟਰੀ ਰਹੇ; ਕਈ ਵਾਰ ਕੈਦ ਕੱਟੀ।


Academy of the Punjab in North America: http://www.apnaorg.com

جالب

Academy of the Punjab in North America: http://www.apnaorg.com

# ਗ਼ਜ਼ਲ

ਜਾਲਿਬ ਸਾਈਂ ਕਦੀ ਕਦਾਈਂ ਚੰਗੀ ਗੱਲ ਕਹ ਜਾਂਦਾ ਏ
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖ਼ਿਰ ਇਹ ਲਹ ਜਾਂਦਾ ਏ

ਬਾਝ ਤੇਰੇ ਓ ਦਿਲ ਦੇ ਸਾਥੀ ਦਿਲ ਦੀ ਹਾਲਤ ਕੀ ਦੱਸਾਂ
ਕਦੀ ਕਦੀ ਇਹ ਥੱਕਿਆ ਰਾਹੀ ਰਸਤੇ ਵਿਚ ਬਹ ਜਾਂਦਾ ਏ

ਸਾਂਦਲ ਬਾਰ ਵਸੇਂਦੀਏ ਹੀਰੇ ਵੱਸਦੇ ਰਹਣ ਤੇਰੇ ਹਾਸੇ
ਦੋ ਪਲ ਤੇਰੇ ਗ਼ਮ ਦਾ ਪਰਾਹੁਣਾ ਅੱਖੀਆਂ ਵਿਚ ਰਹ ਜਾਂਦਾ ਏ

ਹਾਏ ਦੁਆਬੇ ਦੀ ਉਹ ਦੁਨੀਆ ਜਿਥੇ ਮੁਹੱਬਤ ਵੱਸਦੀ ਸੀ
ਹੰਝੂ ਬਣ ਕੇ ਦੁੱਖ ਵਤਨਾਂ ਦਾ ਅੱਖੀਆਂ ਚੋਂ ਵਹ ਜਾਂਦਾ ਏ

ਫ਼ਜਰੇ ਉਹ ਚਮਕਾਂਦਾ ਡਿੱਠਾ ਜਾਲਿਬ ਸਾਰੀ ਦੁਨੀਆ ਨੂੰ
ਰਾਤੀਂ ਜਿਹੜਾ ਸੇਕ ਦੁੱਖਾਂ ਦੇ ਹੱਸ ਹੱਸ ਕੇ ਸਹ ਜਾਂਦਾ ਏ


Academy of the Punjab in North America: http://www.apnaorg.com

# ਮਾਂ ਬੋਲੀ

ਪੁਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ।

ਜ਼ੋਰਾਂ ਕਰੋਧ ਦੀ ਉਹ ਅੱਗ ਬਾਲ਼ੀ
ਸੀਨੇ ਹੋ ਗਏ ਪਿਆਰ ਤੋਂ ਖ਼ਾਲੀ।
ਪੁਤਰਾਂ ਨੂੰ ਤੂੰ ਲੱਗੇਂ ਗਾਲ਼ੀ
ਤੈਨੂੰ ਬੋਲਣ ਤੋਂ ਸ਼ਰਮਾਵਣ।
ਗ਼ੈਰਾਂ ਐਸੀ 'ਵਾ ਵਗਾਈ
ਪੁਤਰਾਂ ਤੇਰੀ ਚਾਦਰ ਲਾਹੀ।

ਇਨ੍ਹਾਂ ਕੋਲ਼ ਜ਼ਮੀਨਾਂ ਵੀ ਨੇ
ਇਨ੍ਹਾਂ ਹੱਥ ਸੰਗੀਨਾਂ ਵੀ ਨੇ।
ਦੌਲਤ ਬੈਂਕ ਮਸ਼ੀਨਾਂ ਵੀ ਨੇ।
ਨਾ ਇਹ ਤੇਰੇ ਨਾ ਇਹ ਮੇਰੇ
ਇਹ ਲੋਕੀਂ ਯੂਸਫ਼ ਦੇ ਭਾਈ।
ਪੁਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ।

---

ਯੂਸਫ਼ ਦੇ ਛੇ ਭਾਈ ਉਹਦੀਆਂ ਮੁਸ਼ਕਾਂ ਬੰਨ੍ਹ ਕੇ ਉਹਨੂੰ ਖੂਹ ਵਿਚ ਸੁੱਟ ਆਏ ਸਨ ਤੇ ਉਹਦੇ ਕਪੜੇ ਬੱਕਰੀ ਦੇ ਲਹੂ 'ਚ ਡੁਬੋ ਕੇ ਅਪਣੇ ਬਾਪ ਯਾਕੂਬ ਨੂੰ ਦਿਖਾ ਦਿੱਤੇ ਕਿ ਉਹਨੂੰ ਬਘਿਆੜ ਲੈ ਗਏ। ਬਾਪ ਮਿਸਰ ਦੇ ਕਿਨਆਨ ਸ਼ਹਿਰ ਦਾ ਅਮੀਰ ਸੀ। ਯੂਸਫ਼ ਬਾਪ ਤੋਂ ਸਭ ਤੋਂ ਵਧ ਲਾਡਲਾ ਪੁਤ ਸੀ ਤੇ ਸੁਹਣਾ ਵੀ ਬੜਾ ਸੀ। ਦੂਜੇ ਭਾਈ ਉਹਤੋਂ ਸੜਦੇ ਸਨ। – ਸੰ:


Academy of the Punjab in North America http://www.apnaorg.com

## ਗ਼ਜ਼ਲ

ਉੱਚੀਆਂ ਕੰਧਾਂ ਵਾਲ਼ਾ ਘਰ ਸੀ, ਰੋ ਲੈਂਦੇ ਸਾਂ ਖੁਲ੍ਹ ਕੇ
ਐਸੀ ਵਾ ਵਗਾਈ ਓ ਰੱਬਾ, ਰਹ ਗਈ ਜਿੰਦੜੀ ਰੁਲ਼ ਕੇ

ਚਾਰ ਚੁਫੇਰੇ ਦਰਦ ਅਨ੍ਹੇਰੇ, ਹੰਝੂ ਡੇਰੇ ਡੇਰੇ
ਦੁਖਿਆਰੇ ਵਣਜਾਰੇ ਆ ਗਏ ਕਿਧਰ ਰਸਤਾ ਭੁੱਲ ਕੇ

ਯਾਦ ਆਈਆਂ ਕੁਛ ਹੋਰ ਵੀ ਤੇਰੇ ਸ਼ਹਰ ਦੀਆਂ ਬਰਸਾਤਾਂ
ਹੋਰ ਵੀ ਚਮਕੇ ਦਾਗ਼ ਦਿਲਾਂ ਦੇ ਨਾਲ਼ ਅਸ਼ਕਾਂ ਦੇ ਧੁਲ ਕੇ

ਅਪਣੀ ਗੱਲ ਨ ਛਡੀਂ ਜ਼ਾਲਿਬ, ਸ਼ਾਇਰ ਕੁਝ ਵੀ ਆਖਣ
ਅਪਣੀ ਰੰਗਤ ਖੋ ਦੇਂਦੇ ਨੇ, ਰੰਗ ਰੰਗਾਂ ਵਿਚ ਘੁਲ਼ ਕੇ

Academy of the Punjab in North America: http://www.apnaorg.com

# ਰਾਤ ਕੁਲਹਿਣੀ

ਦੁਨੀਆ ਭਰ ਦੇ ਕਾਲ਼ੇ ਚਿੱਟੇ ਚੋਰ ਲੁਟੇਰੇ
ਸੋਚੀਂ ਪੈ ਗਏ - ਕੀ ਹੋਇਆ ਰਾਤ ਜੇ ਮੁੱਕ ਗਈ
ਜੇ ਧਰਤੀ ਦੇ ਕਾਮਿਆਂ ਅੱਗੇ ਗਰਦਨ ਝੁੱਕ ਗਈ
ਕੀ ਹੋਵੇਗਾ?

ਰਾਤ ਨੂੰ ਰੋਕੋ
ਰੋਸ਼ਨੀਆਂ ਦੇ ਹੜ੍ਹ ਦੇ ਅੱਗੇ
ਉੱਚੀਆਂ ਉੱਚੀਆਂ ਕੰਧਾਂ ਚੁੱਕੋ
ਰਾਤ ਨੂੰ ਰੋਕੋ
ਹੜ੍ਹ ਦੀ ਗੂੰਜ ਤੇ ਘੂਕਰ ਸੁਣ ਕੇ
ਤਾਜਾਂ ਤੇ ਤਖ਼ਤਾਂ ਦੀ ਦੁਨੀਆ ਕੰਬ ਉੱਠੀ ਏ
ਇਕ ਮੁੱਠੀ ਏ
ਜਦੋਂ ਇਨ੍ਹਾਂ ਦੀ ਲੁਟਖਸੁੱਟ ਨੂੰ ਖ਼ਤਰਾ ਪੈਂਦਾ
ਰੱਬ ਰਸੂਲ ਨੂੰ ਖ਼ਤਰੇ ਦੇ ਵਿਚ ਪਾ ਦੇਂਦੇ ਨੇ
ਰੱਬ ਰਸੂਲ ਦੇ ਹੁਕਮ ਦੇ ਨਾਲ਼ ਇਹ ਰਹਿਣ ਨਈਂ ਲੱਗੇ
ਖ਼ੂਨੀ ਕਾਤਿਲ ਚੋਰ ਲੁਟੇਰੇ ਕਾਲ਼ੇ ਬੱਗੇ

ਜ਼ਾਲਿਬ ਭਾਵੇਂ ਲੱਖ ਇਕੱਠੇ ਹੋ ਹੋ ਬਹਿਵਣ
ਨਹੀਂ ਹੁਣ ਰਹਿਣੀ
ਰਾਤ ਕੁਲਹਿਣੀ
ਨਹੀਂ ਹੁਣ ਰਹਿਣੀ
ਰਾਤ ਕੁਲਹਿਣੀ।


Academy of the Punjab in North America: http://www.apnaorg.com

# ਗ਼ਜ਼ਲ

ਜ਼ਿੰਦਾਨਾਂ ਦੇ ਦਰ ਨਈਂ ਖੁਲ੍ਹਦੇ ਹੰਝੂਆਂ ਹਾਵਾਂ ਨਾਲ਼
ਸੱਜਣਾਂ ਇਹ ਤਾਂ ਖੁਲ੍ਹਣਗੇ, ਲੋਹੇ ਦੀਆਂ ਬਾਹਵਾਂ ਨਾਲ਼

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ਼
ਮੰਜ਼ਿਲ ਤੇਰੇ ਹੱਥ ਨਈਂ ਆਉਣੀ ਸਿਰਫ਼ ਦੁਆਵਾਂ ਨਾਲ਼

ਨ ਭੁੱਲ ਸਕਿਆ ਨਾ ਭੁੱਲ ਸਕਦਾਂ ਬਿਆਸ ਦੇ ਕੰਢਿਆਂ ਨੂੰ
ਸਦਾ ਰਵ੍ਹੇਗੀ ਯਾਦ ਦਿਨ੍ਹਾਂ ਦੀ ਮੇਰਿਆਂ ਸਾਹਵਾਂ ਨਾਲ਼

ਇੱਕੋ ਰੁੱਖ ਹਵਾ ਵਿਚ ਵੱਸਿਆ, ਕੋਈ ਨ ਦਿਸਿਆ ਫੇਰ
ਸਾਡਾ ਰਾਹ ਬਦਲ ਸਕਦਾ ਏ ਕੌਣ ਅਦਾਵਾਂ ਨਾਲ਼

ਖ਼ੌਫ਼ ਦਾ ਸਾਇਆ ਜ਼ਿਹਨ ਅਪਣੇ ਦੇ ਆਉਣ ਨ ਦਿੱਤਾ ਕੋਲ਼
ਧੰਨ ਜਿਗਰਾ ਸਾਡਾ ਵੀ ਜਾਲਿਬ ਰਹੇ ਬਲਾਵਾਂ ਨਾਲ਼

[ਮੀਆਂਵਾਲ਼ੀ ਜੇਲ


Academy of the Punjab in North America: http://www.apnaorg.com

## ਗ਼ਜ਼ਲ

ਸ਼ਹਨਸ਼ਾਹੀ ਦਾ ਜਸ਼ਨ ਮਨਾਓ, ਆਇਆ ਏ ਫ਼ਰਮਾਨ
ਦੇਖੋ ਹੁਣ ਵੀ ਸਦੀਆਂ ਪਿੱਛੇ, ਏਥੇ ਦਾ ਇਨਸਾਨ

ਮਰ ਜਾਂਦਾ ਜੇ ਮੇਰੇ ਹੱਥੋਂ ਜਾਂਦੀ ਇਕ ਵੀ ਜਾਨ
ਇਹ ਜੀਉਂਦੇ ਅੱਧਮੋਇਆ ਕਰਕੇ ਮੇਰਾ ਪਾਕਿਸਤਾਨ

ਉਹੋ ਪਿੰਜਰਾ, ਉਹੋ ਈ ਮੈਂ, ਉਹੋ ਈ ਸੱਈਆਦ
ਉਹੋ ਪਹਰੇ ਹੰਝੂਆਂ ਉੱਤੇ, ਸਹਮੀ ਏ ਫ਼ਰਿਆਦ

ਜ਼ਬਤ ਏ ਹੁਣ ਤਕ, ਇਕ ਸ਼ਿਅਰਾਂ ਵਿਚ ਲਿਖੀ ਸੀ ਰੂਦਾਦ
ਅੰਗਰੇਜ਼ਾਂ ਨੂੰ ਕਢ ਕੇ ਵੀ ਮੈਂ ਹੋਇਆ ਨਈਂ ਆਜ਼ਾਦ


Academy of the Punjab in North America: http://www.apnaorg.com

# ਵਿਛੜੇ ਦਿਲ ਵੀ ਮਿਲ਼ ਸਕਦੇ ਨੇ

ਦਿਲ ਦੀ ਕਾਲਖ
ਹੰਝੂਆਂ ਨਾਲ਼ ਈ ਧੁਲ਼ ਸਕਦੀ ਏ
ਜ਼ਖ਼ਮ ਜਿਗਰ ਦੇ ਧੋ ਆਈਂ

ਹੰਝੂਆਂ ਨਾਲ਼ ਈ ਮਿਲ ਸਕਦੇ ਨੇ
ਵਿਛੜੇ ਦਿਲ ਵੀ ਮਿਲ਼ ਸਕਦੇ ਨੇ
ਰੋ ਆਈਂ

ਨਫ਼ਰਤ ਦੀ ਅੱਗ
ਹੰਝੂਆਂ ਨਾਲ਼ ਈ ਬੁਝ ਸਕਦੀ ਏ
ਅੱਖੀਆਂ ਦੇ ਵਿਚ ਹੰਝੂ ਭਰ ਕੇ ਪਿਆਰ ਦੀ ਠੰਢਕ
ਬੋ ਆਈਂ

ਦਿਲ ਦੀ ਕਾਲਖ
ਹੰਝੂਆਂ ਨਾਲ਼ ਈ ਧੁਲ਼ ਸਕਦੀ ਏ
ਧੋ ਆਈਂ


Academy of the Punjab in North America: http://www.apnaorg.com

# ਧੀ ਕੰਮੀ ਦੀ

ਧੀ ਕੰਮੀ ਦੀ
ਵੱਡੇ ਘਰ ਵਿਚ ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਨਾ ਏ ਜੀਂਦੀ ਨਾ ਇਹ ਮਰਦੀ।

ਬੁੱਢੇ ਖ਼ਾਨ ਦਾ ਹੁੱਕਾ
ਦਿਨ ਵਿਚ ਸੌ ਸੌ ਵਾਰੀ ਤਾਜ਼ਾ ਕਰਦੀ।

ਖ਼ਾਨ ਦਾ ਪੁੱਤਰ
ਬੈਠਕ ਦੇ ਵਿਚ ਗਾਮੇ ਭਾਣੇ
ਬਾਂਹ ਫੜ ਲੈਂਦਾ
ਐਵੇਂ ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ ਕੀ ਕਹਿੰਦਾ

ਅੱਧੀ ਰਾਤੀਂ ਛੋਟੀ ਬੀਬੀ ਕਹਿੰਦੀ –
ਉਠ ਤਕੀਏ ਵਲ ਚੱਲੀਏ।
ਜੇ ਕੰਮੀ ਨੇ ਪਿੰਡ ਵਿਚ ਰਹਿਣਾ
ਫਿਰ ਇਹ ਸਭ ਕੁਝ ਕਰਨਾ ਪੈਣਾ।


Academy of the Punjab in North America: http://www.apnaorg.com

# ਮਜਬੂਰ ਔਰਤ ਦਾ ਗੀਤ

ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ
ਦੁਨੀਆ ਨੇ ਪੈਰੀਂ ਪਾਈਆਂ।
ਇਹ ਛਣਕਦੀਆਂ ਰੁਸਵਾਈਆਂ
ਨਹੀਂ ਸੁਣਦਾ ਕੋਈ ਦੁਹਾਈਆਂ।

ਦਿਲ ਸਾਥ ਨ ਦਏ ਤਾਂ ਹੱਸਣਾ ਕੀ?
ਬਸਤੀ ਵਿਚ ਜ਼ੁਲਮ ਦੀ ਵੱਸਣਾ ਕੀ?
ਹਾਲ ਅਪਣਾ ਕਿਸੇ ਨੂੰ ਦੱਸਣਾ ਕੀ?
ਚੁੱਪ ਰਹਿਣਾ ਈ ਤਕਦੀਰਾਂ ਨੇ
ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ।

ਕਦੀ ਕਹਿੰਦੇ ਨੱਚ ਬਾਜ਼ਾਰਾਂ ਵਿਚ
ਕਦੀ ਚੁਣਦੇ ਰਹੇ ਦੀਵਾਰਾਂ ਵਿਚ
ਰਹੀ ਸ਼ਰਮ ਨਾ ਰਾਂਝਣ ਯਾਰਾਂ ਵਿਚ
ਹੋਈਆਂ ਬੇਬਸ ਲੱਖਾਂ ਹੀਰਾਂ ਨੇ
ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ।


Academy of the Punjab in North America: http://www.apnaorg.com

# ਢੋਲ ਸਿਪਾਹੀ

ਇੱਕੋ ਕੋਠਾ ਉਹ ਵੀ ਚੋਵੇ
ਟਿਪ ਟਿਪ ਟਿਪ ਟਿਪ ਟਿਪ ਟਿਪ ਰੋਵੇ

ਦੁਖੀਆ ਜਾਗੇ, ਕਿਸਮਤ ਸੋਵੇ
ਪਿਆਰ ਨਿਸ਼ਾਨੀ ਸੀਨੇ ਲਾ ਕੇ
ਯਾਦਾਂ ਦੇ ਦਰਵਾਜ਼ੇ ਉੱਤੇ
ਵਹੁਟੀ ਬਣ ਕੇ ਆਣ ਖਲੋਵੇ
ਅੱਜ ਤੋੜੀ ਆਇਆ ਨਾ ਮਾਹੀ
ਦਿਲ ਦਾ ਜਾਨੀ ਢੋਲ ਸਿਪਾਹੀ



Academy of the Punjab in North America: http://www.apnaorg.com

# ਬੂਟਾਂ ਦੀ ਸਰਕਾਰ

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਰੇਦਾਰ
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ
ਪੱਗਾਂ ਅਪਣੇ ਗਲ਼ ਵਿਚ ਪਾ ਲਓ, ਟੁਰੋ ਪੇਟ ਦੇ ਭਾਰ
ਚੜ੍ਹ ਜਾਏ ਤੇ ਮੁਸ਼ਕਲ ਲਹਿੰਦੀ ਬੂਟਾਂ ਦੀ ਸਰਕਾਰ

[ਯਾਹੀਆ ਖ਼ਾਨ ਦੇ ਵੇਲੇ ਲਿਖੀ


Academy of the Punjab in North America: http://www.apnaorg.com

# ਬਾਜ਼ ਆ ਜਾਓ

ਹੁਣ ਵੀ ਬਾਗ਼ ਚੁਫੇਰਿਓਂ ਲੂਸਦਾ ਏ
ਕਾਲ਼ਾ ਸੱਪ ਸਾਡਾ ਲਹੂ ਚੂਸਦਾ ਏ
ਆਪ ਸਾੜ ਕੇ ਅਪਣੇ ਆਲ੍ਹਣੇ ਨੂੰ
ਅਸਾਂ ਆਖਣਾ ਦੋਸ਼ ਇਹ ਰੂਸ ਦਾ ਏ।


Academy of the Punjab in North America: http://www.apnaorg.com

# ਨਜ਼ਮ

ਏਧਰ ਘੋੜਾ ਓਧਰ ਗਾਂ
ਦਸ ਬੰਦਿਆ ਮੈਂ ਕਿਧਰ ਜਾਂ

ਏਧਰ ਮੁੱਲਾਂ ਦੀ ਛਾਉਣੀ ਏ
ਓਧਰ ਪੰਡਿਤ ਦੀ ਤੌਣੀ ਏ

ਏਧਰ ਹਾਲ ਅਗਰ ਮੰਦਾ ਏ
ਓਧਰ ਵੀ ਤੇ ਭੁੱਖ ਚੌਣੀ ਏ

ਆਵੇ ਕਿਤੇ ਨਾ ਸੁੱਖ ਦਾ ਸਾਂ
ਦਸ ਬੰਦਿਆ ਮੈਂ ਕਿਧਰ ਜਾਂ

Academy of the Punjab in North America: http://www.apnaorg.com

# ਗੱਲ ਸੁਣ ਚੱਪਣਾ

ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ

ਵੱਡਿਆਂ ਵਡੇਰਿਆਂ ਦਾ
ਜ਼ਾਲਮ ਲੁਟੇਰਿਆਂ ਦਾ
ਛੱਡ ਨਉਂ ਜੱਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ

ਸਰਾਂ ਦਿਆਂ ਪੋਤਿਆਂ ਨੇ
ਪੋਤਿਆਂ ਪੜੋਤਿਆਂ ਨੇ
ਰੀਗਨਾਂ ਦੇ ਤੋਤਿਆਂ ਨੇ
ਕੁਛ ਤੈਨੂੰ ਦਿੱਤਾ ਵੀ
ਐਵੇਂ ਪਿਆਂ ਟੱਪਨਾਂ
ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ

ਬੰਦੇ ਨਈਂ ਇਹ ਪਿਆਰ ਦੇ
ਐਵੇਂ ਤੈਨੂੰ ਚਾਰਦੇ
ਝੂਠ ਪਏ ਮਾਰਦੇ
ਹੋਸ਼ ਕਰ ਪਾਗਲਾ
ਚੱਲ, ਪਾ ਖੱਪ ਨਾ


Academy of the Punjab in North America http://www.apnaorg.com

ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ

ਗੋਰੇ ਚਿੱਟੇ ਸਾਹਬਾਂ ਕੋਲੋਂ
ਕਾਲ਼ਿਆਂ ਨਵਾਬਾਂ ਕੋਲੋਂ
ਬਚ ਇਨ੍ਹਾਂ ਅਜ਼ਾਬਾਂ ਕੋਲੋਂ
ਨਹੀਂ ਤਾਂ ਤੈਨੂੰ ਮੁੱਦਤਾਂ
ਪਏਗਾ ਕਲਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ


Academy of the Punjab in North America: http://www.apnaorg.com

# ਮੁੰਡਿਆ

ਚੁੱਪ ਕਰ ਮੁੰਡਿਆ, ਨਾ ਮੰਗ ਰੋਟੀਆਂ
ਖਾਏਂਗਾ ਜ਼ਮਾਨੇ ਹੱਥੋਂ ਨਈਂ ਤੇ ਸੋਟੀਆਂ

ਦੜ ਵੱਟ ਕੇ ਤੂੰ ਕੱਟ ਏਥੇ ਦਿਨ ਚਾਰ
ਸਦੀਆਂ ਤੋਂ ਭੁੱਖੇ ਲੋਕੀਂ ਖਾਂਦੇ ਆਏ ਮਾਰ
ਇਕ ਮੁੱਕੀ ਚੁੱਕ ਲੈ, ਦੂਸਰੀ ਤਿਆਰ

ਦਿਲਾਂ ਵਿਚ ਜਿਨ੍ਹਾਂ ਦੇ ਮੁਹੱਬਤਾਂ ਦਾ ਨੂਰ
ਜਾਣ ਠੁਕਰਾਏ ਬਿਨਾਂ ਕੀਤਿਆਂ ਕਸੂਰ
ਰਹਿਣ ਸੁਖੀ ਵਾਜਿਦਾਂ ਵਲੀਕਿਆਂ ਦੇ ਯਾਰ
ਸਦੀਆਂ ਤੋਂ ਭੁੱਖੇ ਲੋਕੀਂ ਖਾਂਦੇ ਆਏ ਮਾਰ


Academy of the Punjab in North America: http://www.apnaorg.com

# ਗੀਤ

ਜਿੰਦ ਵਾਂਗ ਸ਼ਮ੍ਹਾ ਦੇ ਮੇਰੀ ਏ
ਰਾਤਾਂ ਨੂੰ ਜਲਾਇਆ ਜਾਂਦਾ ਏ
ਦਿਨ ਚੜ੍ਹਿਆ ਬੁਝਾਇਆ ਜਾਂਦਾ ਏ
ਇੰਜ ਜਸ਼ਨ ਮਨਾਇਆ ਜਾਂਦਾ ਏ।
ਇਹ ਖੇਡ ਏ ਸਾਰੀ ਦੌਲਤ ਦੀ
ਦੱਸ ਕੀ ਖ਼ਤਾ ਏ ਔਰਤ ਦੀ
ਇਕ ਮਹਲਾਂ ਦੇ ਵਿਚ ਰਾਜ ਕਰੇ
ਇਕ ਨੂੰ ਨਚਵਾਇਆ ਜਾਂਦਾ ਏ
ਇੰਜ ਜਸ਼ਨ ਮਨਾਇਆ ਜਾਂਦਾ ਏ।


Academy of the Punjab in North America: http://www.apnaorg.com

# ਲੰਦਨ ਵਸਦੇ ਪਾਕਿਸਤਾਨੀ ਸਿਆਸੀ ਜਲਾਵਤਨ

ਪੀ ਲੈਂਦੇ ਨੇ, ਖਾ ਲੈਂਦੇ ਨੇ, ਸੌਂ ਲੈਂਦੇ ਨੇ
ਯਾਰਾਂ ਖ਼ੁਦ ਨੂੰ ਵਤਨੋਂ ਦੂਰ ਸੁਖੀ ਰੱਖਿਆ ਏ


Academy of the Punjab in North America: http://www.apnaorg.com

# ਹਬੀਬ ਜਾਲਿਬ ਨਾਲ਼ ਗੱਲਾਂ

ਹਬੀਬ ਜਾਲਿਬ ਜਦ ਲੰਦਨ ਆਉਂਦੇ ਸੀ, ਤਾਂ ਇਨ੍ਹਾਂ ਨੂੰ ਮਿਲਣ ਦਾ ਚਾਅ ਏਸ ਕਰਕੇ ਵੀ ਹੁੰਦਾ ਸੀ ਕਿ ਪਿੱਛੋਂ ਇਹ ਦੁਆਬੇ ਦੇ ਸੀ। ਜਗਿਆਸਾ ਇਹ ਜਾਣਨ ਦੀ ਹੁੰਦੀ ਸੀ ਕਿ ਓਧਰਲੇ ਪੰਜਾਬੀ ਕਮਿਊਨਿਸਟ ਪੰਜਾਬ ਦੇ ਮੁੜ ਇਕ ਹੋਣ ਦੀ ਗੱਲ ਕਰਦੇ ਨੇ ਜਾਂ ਨਹੀਂ? ਇਹ ਪੰਜਾਬੀ ਬੋਲੀ ਨੂੰ ਮਾਂ ਕਿਉਂ ਨਹੀਂ ਮੰਨਦੇ; ਇਹ ਹਾਲੇ ਵੀ ਇਹ ਕਿਉਂ ਨਹੀਂ ਮੰਨਦੇ ਕਿ 'ਟੂ-ਨੇਸ਼ਨ ਥੀਊਰੀ' ਗ਼ਲਤ ਹੈ?

1988 ਵਿਚ ਜਾਲਿਬ ਨਾਲ਼ ਇਹ ਟੇਪ ਕੀਤੀਆਂ ਗੱਲਾਂ ਓਦੋਂ ਕੁ ਹੀ *ਆਰਸੀ* ਵਿਚ ਛਪੀਆਂ ਸਨ। ਇਹ ਗੱਲਾਂ ਸਵਾਲ-ਜਵਾਬ ਬਣਾ ਕੇ ਨਹੀਂ ਲਿਖੀਆਂ ਹੋਈਆਂ; ਜਾਲਿਬ ਦੀਆਂ ਗੱਲਾਂ ਮੈਂ ਅਪਣੀ ਵੱਲੋਂ ਬਿਆਨ ਕੀਤੀਆਂ ਹੋਈਆਂ ਹਨ। ਇਹ ਇਸ ਕਰਕੇ ਹੈ ਕਿ ਜਾਲਿਬ ਨੂੰ ਉਰਦੂ ਬੋਲਣ ਦੀ ਲਤ ਸੀ। ਕੋਈ ਪੰਜਾਬੀ "ਗ਼ੈਰਮੁਲਕੀ" ਬੋਲੀ ਬੋਲਦਾ ਤਾਂ ਓਦਾਂ ਹੀ ਚੰਗਾ ਨਹੀਂ ਲਗਦਾ ਤੇ ਉਹਦੀ ਬੋਲੀ ਹੋਈ ਪਰਾਈ ਬੋਲੀ ਛਾਪਣ ਦਾ ਤਾਂ ਬਿਲਕੁਲ ਹੀ ਕੋਈ ਮਤਲਬ ਹੀ ਨਹੀਂ। – *ਅ.ਚੰ.*

**ਮੁਹੰਮਦ ਅਲੀ ਜਿਨਾਹ ਤੇ ਕਮਿਊਨਿਸਟਾਂ ਦੇ ਈਜਾਦ ਕੀਤੇ ਮੁਲਕ ਪਾਕਿਸਤਾਨ ਚ ਸੁਰਤ ਸੰਭਾਲ਼ ਕੇ ਲੋਕਾਂ ਦੇ ਕਵੀ ਬਣੇ ਹਬੀਬ ਜਾਲਿਬ ਵਰਗਾ ਬੰਦਾ ਹੀ ਆਪਣੇ ਬਾਰੇ ਆਖ ਸਕਦਾ ਹੈ: ਮੈਂ ਤਹਿਖ਼ਾਨੇ ਚ ਜਾਂ ਕਿਸੇ ਜਜ਼ੀਰੇ ਚ ਜ਼ਿੰਦਗੀ ਨਹੀਂ ਗੁਜ਼ਾਰੀ। ਮੇਰੀ ਫ਼ਿਤਰਤ ਹੀ ਲੋਕਾਂ ਦੇ ਨਾਲ਼ ਖੜ੍ਹੋਣ ਦੀ ਹੈ। – ਇਸੇ ਕਰਕੇ ਪਾਕਿਸਤਾਨ ਦੀ ਹਰ ਸਰਕਾਰ ਜਾਲਿਬ ਨੂੰ ਕੈਦ ਤੇ ਇਹਦੀਆਂ ਕਿਤਾਬਾਂ ਜ਼ਬਤ ਕਰਦੀ ਰਹੀ। ਇਹ**

Academy of the Punjab in North America: http://www.apnaorg.com

ਨਾਂ ਲੈ-ਲੈ ਕੇ ਕਹਿੰਦੇ ਹਨ ਕਿ ਭਾਰਤ ਤੇ ਪਾਕਿਸਤਾਨ ਦੇ ਉਰਦੂ ਸ਼ਾਇਰ ਖ਼ੁਫ਼ਜ਼ਦਾ ਹੋ ਗਏ; ਵਜ਼ੀਫ਼ਾਖ਼ੋਰ ਹੋ ਗਏ; ਪ੍ਰੇਮ ਚੰਦ ਨੂੰ ਭੁੱਲ ਗਏ। ਇਹ ਵਾਰ-ਵਾਰ ਅਹਮਦ ਨਦੀਮ ਕਾਸਮੀ ਤੇ ਅਲੀ ਸਰਦਾਰ ਜਾਫ਼ਰੀ ਤੇ ਹੋਰ ਉਰਦੂ ਸ਼ਾਇਰਾਂ ਦੇ ਨਾਂ ਲੈਂਦੇ ਹਨ।

ਮੈਂ ਨੇ ਇਤਨੀ ਦੂਰ ਸੇ, ਖ਼ੂਨ ਬਹਨੇ ਕਾ ਸ਼ੋਰ ਸੁਨਾ ਹੈ।
ਪਾਸ ਰਹਨੇ ਵਾਲੋਂ ਤਕ ਕੋਈ ਆਵਾਜ਼ ਨਾ ਆਈ॥

ਫਿਰ ਕਹਿੰਦੇ ਨੇ: ਐਸਟੈਬਲਿਸ਼ਮੈਂਟ ਦੇ ਖ਼ਿਲਾਫ਼ ਰਵਾਇਤ ਦਾ ਮੈਂ ਆਖ਼ਰੀ ਸ਼ਾਇਰ ਰਹਿ ਗਿਆ ਹਾਂ।

ਔਰ ਸਭ ਭੂਲ ਗਏ, ਹਰਫ਼ ਏ ਸਦਾਕਤ ਲਿਖਨਾ।
ਰਹ ਗਿਆ ਕਾਮ ਹਮਾਰਾ ਹੀ ਬਗ਼ਾਵਤ ਲਿਖਨਾ॥

ਜਾਲਿਬ ਅਪਣੇ-ਆਪ ਨੂੰ ਉੱਮੀ – ਅਨਪੜ੍ਹ– ਸੋਸ਼ਲਿਸਟ ਦੱਸਦੇ ਹਨ। (ਮੁਸਲਮਾਨ ਹਜ਼ਰਤ ਮੁਹੰਮਦ ਨੂੰ ਉੱਮੀ ਪੈਗ਼ੰਬਰ ਕਹਿੰਦੇ ਹਨ।) ਇਹ ਮੈਟਰਿਕ ਵੀ ਨਾ ਕਰ ਸਕੇ। ਉਸਤਾਦ ਵੀ ਕੋਈ ਨਾ ਧਾਰਿਆ। ਬਾਕਾਇਦਾ ਕਦੇ ਕੋਈ ਕੰਮ ਨਹੀਂ ਕੀਤਾ। –ਹਮ ਨੇ ਪਤਾ ਨਹੀਂ ਕੈਸੇ ਸ਼ਿਅਰ ਕਹ ਲੀਏ?! – ਲੰਡਨ ਦੀ ਗੁੱਠ ਵਿਚ ਗਰਮੀਆਂ ਵਿਚ ਧਾਰੀਆਂ ਵਾਲ਼ਾ ਨੀਲਾ ਥ੍ਰੀ-ਪੀਸ ਗਰਮ ਸੂਟ ਪਾਈ ਜਾਲਿਬ ਝੂਰਨ ਲਗਦਾ ਹੈ: ਅਸੀਂ ਪੇਂਡੂ ਲੋਕ ਫ਼ੈਜ਼ ਵਰਗੇ ਸਾਹਿਬ-ਏ-ਤੌਫ਼ੀਕ – ਰੱਜੇਪੁੱਜੇ– ਲੋਕਾਂ ਦਾ ਮੁਕਾਬਲਾ ਨਹੀਂ ਕਰ ਸਕੇ। ਮੈਨੂੰ ਵਿਰਸੇ ਚ ਦੁੱਖ ਮਿਲ਼ੇ; ਜਗੀਰਦਾਰੀ ਦੀਆਂ ਜ਼ਿੱਲਤਾਂ, ਰੁਸਵਾਈਆਂ ਮਿਲ਼ੀਆਂ। ਮੇਰੇ ਦਿਲ ਚ ਨਫ਼ਰਤ ਅੱਗ ਵਾਂਙ ਧਧਕਦੀ ਹੈ।

Academy of the Punjab in North America: http://www.apnaorg.com

ਜਾਲਿਬ ਨੇ ਅਪਣੀ ਮਾਂ ਬੋਲੀ ਚ ਬਹੁਤ ਘਟ ਲਿਖਿਆ ਹੈ। ਇਨ੍ਹਾਂ ਦਾ ਸ਼ਿਅਰ ਹੈ: *ਜਾਲਿਬ ਸਾਈਂ ਕਦੀ ਕਦਾਈਂ ਚੰਗੀ ਗੱਲ ਕਹਿ ਜਾਂਦਾ ਏ...*। ਇਹ ਅਪਣੇ ਆਪ ਨੂੰ ਪੰਜਾਬੀ ਸ਼ਾਇਰ ਮੰਨਦੇ ਵੀ ਨਹੀਂ। ਗੱਲ ਵੀ ਉਰਦੂ ਚ ਹੀ ਕਰਦੇ ਹਨ। ਪੰਜਾਬੀ ਦੀਆਂ ਪੁੱਛਾਂ ਦੇ ਮੋੜ ਵੀ ਉਰਦੂ ਚ। ਲੰਦਨ ਚ ਇਨ੍ਹਾਂ ਦੇ ਕੁੱਲ ਕਲਾਮ ਦੇ ਛਪਣ ਵੇਲੇ ਵੱਡਾ ਮੁਸ਼ਾਇਰਾ ਹੋਇਆ ਸੀ। ਇਹ ਗਾਉਂਦੇ ਬੜਾ ਸੁਰੀਲਾ ਸਨ। ਜਦ ਇਹ ਮੁਸ਼ਾਇਰਾ ਪੜ੍ਹ ਕੇ ਬੈਠਣ ਲੱਗੇ, ਤਾਂ ਮੈਨੂੰ ਬੜੀ ਹਾਂਜ ਆਈ। ਮੈਂ ਉੱਠ ਕੇ ਉਲ਼ਾਂਭਾ ਦਿੱਤਾ – ਜਾਲਿਬ ਸਾਹਿਬ, ਕੁਛ ਪੰਜਾਬੀ ਚ ਵੀ ਸੁਣਾਓ ਨਾ! – ਇਨ੍ਹਾਂ ਇਕ-ਅੱਧ ਗ਼ਜ਼ਲ ਸੁਣਾਈ। ਮਗਰੋਂ ਇਹ ਮੈਥੋਂ ਇਸ ਕੋਤਾਹੀ ਦੀ ਮੁਆਫ਼ੀ ਮੰਗਦੇ ਰਹੇ ਤੇ ਮੈਂ ਸ਼ਰਮਿੰਦਾ ਹੁੰਦਾ ਰਿਹਾ।

ਆਪ ਦਸਦੇ ਹਨ: ਮੈਂ ਅਪਣਾ ਪਿੰਡ ਨਿੱਕੇ ਹੁੰਦਿਆਂ ਹੀ ਛੱਡ ਦਿੱਤਾ ਸੀ, ਬਾਪ ਨਾਲ਼; ਦਿੱਲੀ ਰੁਜ਼ਗਾਰ ਲੱਭਣ ਤੁਰੇ ਸੀ।

ਵੱਡੇ ਰੌਲ਼ਿਆਂ ਮਗਰੋਂ ਕਰਾਚੀ ਚਲੇ ਗਏ, ਫੇਰ ਲਹੌਰ। ਹਰ ਥਾਂ ਉਰਦੂ ਦਾ ਬੋਲ-ਬਾਲਾ ਸੀ। – ਪਰ ਇਹ ਕੀ ਗੱਲ ਹੋਈ? ਜਿਹਲਮ ਦੇ ਲੋਕ ਉਰਦੂ ਸੁਣ ਕੇ ਊਂਘਦੇ ਹਨ। ਓਥੇ ਜਾਲਿਬ ਦੀ ਤੁਕਬੰਦੀ ਕਾਟ ਕਰਦੀ ਹੈ – *ਸੁਣ ਚੱਪਣਾ, ਰਾਜ ਲਿਆ ਅਪਣਾ...*। ਮੈਂ ਉਰਦੂ ਚ ਪੰਜਾਬੀ ਅੰਦਾਜ਼ ਵਰਤਦਾਂ – *ਲੜਕਾਨੇ ਚਲੋ, ਵਰਨਾ ਥਾਨੇ ਚਲੋ...* ਮੈਂ ਲੱਖਾਂ ਦੀ ਹਾਜ਼ਰੀ ਵਿਚ ਡੇਢ੍ਹ ਡੇਢ੍ਹ ਘੰਟਾ ਮੁਸ਼ਾਇਰਾ ਪੜ੍ਹਦਾਂ। – ਅਯੂਬ ਖ਼ਾਨ ਦੇ ਵੇਲੇ ਇਨ੍ਹਾਂ ਨੇ ਨੈਸ਼ਨਲ ਅਵਾਮੀ ਪਾਰਟੀ ਦੀ ਟਿਕਟ 'ਤੇ ਚੋਣ ਲੜੀ ਸੀ ਤੇ ਹਾਰ ਗਏ। ਹੱਸਦੇ ਹਨ: ਲੋਕ ਮੇਰੀ ਸ਼ਾਇਰੀ ਪਸੰਦ ਕਰਦੇ ਨੇ, ਮੈਨੂੰ ਵੋਟ ਪਾਣਾ ਨਹੀਂ!

Academy of the Punjab in North America: http://www.apnaorg.com

ਫਿਰ ਮੈਂ ਐਜਿਟਪ੍ਰੌਪ (ਐਜੀਟੇਸ਼ਨ ਤੇ ਪ੍ਰਾਪੇਗੰਡਾ) ਸ਼ਾਇਰੀ ਦੇ ਉਸਤਾਦ ਨੂੰ ਪੁਰਾਣਾ ਸਵਾਲ ਪੁੱਛਦਾ ਹਾਂ: ਏਸ ਕਿਸਮ ਦੀ ਸ਼ਾਇਰੀ ਕਿੰਨਾ ਚਿਰ ਜੀਉਂਦੀ ਰਹਿ ਸਕਦੀ ਹੈ? ਇਹਦਾ ਅਦਬੀ ਮੁੱਲ ਕੀ ਹੈ? – ਅੱਗੋਂ ਜਵਾਬ ਮਿਲ਼ਦਾ ਹੈ: ਦੇਖੋ, ਨਜ਼ੀਰ ਅਕਬਰਾਬਾਦੀ ਅੱਜ ਕਬਰ ਚੋਂ ਨਿਕਲ਼ ਕੇ ਖੜ੍ਹਾ ਹੈ!

ਤਰੱਕੀਪਸੰਦੀ ਤੇ ਗ਼ਜ਼ਲ ਦਾ ਕੋਈ ਮੇਲ਼ ਹੈ? ਇਹ ਬਹਿਸ ਨਵੇਂ-ਨਵੇਂ ਬਣੇ ਪਾਕਿਸਤਾਨ ਚ ਚਲਦੀ ਰਹੀ। ਗ਼ਜ਼ਲ ਦੇ ਝੰਡੇਚੁੱਕ ਸਨ – ਨਜ਼ਰੀਏ-ਏ-ਪਾਕਿਸਤਾਨ ਦੇ ਹਾਮੀ, ਇਸਲਾਮੀ ਬੁਨਿਆਦਪ੍ਰਸਤ; ਤੇ ਨਜ਼ਮ ਦੇ ਵਕੀਲ ਸਨ – ਤਰੱਕੀਪਸੰਦ ਸ਼ਾਇਰ। ਗ਼ਜ਼ਲ ਤੇ ਨਜ਼ਮ ਦੀ ਜਿਵੇਂ ਆਖ਼ਰੀ ਜੰਗ ਹੋਣ ਲੱਗੀ ਸੀ। ਫੇਰ ਸ਼ਾਂਤਮਈ ਸਹਿਹੋਂਦ ਦੇ ਜ਼ਮਾਨੇ ਆ ਗਏ। ਅਜੋਕੇ ਪਾਕਿਸਤਾਨ ਦਾ ਸ਼ਾਇਰ-ਏ-ਇਨਕਲਾਬ ਹਬੀਬ ਅਹਦਮ ਜਾਲਿਬ ਆਖਦਾ ਹੈ: ਹਾਂ, ਗ਼ਜ਼ਲ ਲਿਖਣੀ ਚਾਹੀਦੀ ਹੈ। ਗ਼ਜ਼ਲ ਗ਼ਾਲਿਬ ਨੇ ਲਿਖੀ। ਮੀਰ ਨੇ ਲਿਖੀ। ਕੈਦ ਹੋਣ ਦੀ ਰਵਾਇਤ ਤੁਰੀ। ਜ਼ਫ਼ਰ ਜ਼ਟੱਲੀ ਨੂੰ ਫਾਂਸੀ ਲੱਗੀ। ਹਸਰਤ ਮੋਹਾਨੀ ਤੋਂ ਬਾਅਦ ਫ਼ੈਜ਼ ਨੇ ਗ਼ਜ਼ਲ ਲਿਖੀ; ਅਦਮ ਆਜ਼ਾਦੀ ਜਮਹੂਰੀਅਤ ਦੀ ਗੱਲ ਕਹੀ। ਮੈਂ ਫ਼ਨੀ ਖ਼ੂਬਸੂਰਤੀ ਨੂੰ ਸ਼ਾਇਰੀ ਦੀ ਅਜ਼ਮਤ ਸਮਝਦਾਂ। ਹਾਫ਼ਿਜ਼ ਬਾਦਸ਼ਾਹ ਦਾ ਬੰਦਾ ਸੀ। ਪਰ ਉਹ ਬੇਪਨਾਹ ਸ਼ਾਇਰ ਹੈ। ਖ਼ੁਸਰੋ। ਗ਼ਾਲਿਬ। ਮੀਰ। ਮੁਸੱਫ਼ੀ ਤਾਂ ਮੈਨੂੰ ਅਪਣਾ ਭਰਾ ਲੱਗਦੈ। ਫ਼ੈਜ਼। ਐਸੇ ਹੀ ਨਹੀਂ ਹੋ ਜਾਤਾ ਆਦਮੀ ਫ਼ੈਜ਼। ਇਹ ਸ਼ਾਇਰ ਵੱਡੇ ਸਨ। ਬੜੇ ਸ਼ਾਇਰ ਦਾ ਕਮਾਲ ਇਹ ਹੁੰਦਾ ਹੈ ਕਿ ਉਹ ਅਵਾਮ ਦੇ ਖ਼ਿਲਾਫ਼ ਸ਼ਾਇਰੀ ਕਰ ਹੀ ਨਹੀਂ ਸਕਦਾ; ਜ਼ਬਾਨੀ ਭਾਵੇਂ ਕੁਝ ਪਿਆ ਆਖੇ। [ਜਾਲਿਬ ਫ਼ੈਜ਼ ਦੀਆਂ ਕੁਝ 'ਔਫ ਦਾ ਰੈਕਰਡ' –ਭੇਤ ਵਾਲ਼ੀਆਂ– ਗੱਲਾਂ ਦੱਸ ਕੇ ਆਖਦੇ ਹਨ: ਮੈਂ ਫ਼ੈਜ਼ ਨੂੰ ਪੰਜਾਬੀ ਚ ਕਿਹਾ – ਤੁਸੀਂ ਕਿਤੇ ਦੋ ਬੋਤਲਾਂ


Academy of the Punjab in North America: http://www.apnaorg.com

ਲੈ ਕੇ ਬਹਿ ਜਾਂਦੇ; ਸ਼ੌਂਫ਼ ਦਾ ਵਕਤ ਦੂਰ ਹੋ ਜਾਂਦਾ। ਅੱਗੇ ਤੋਂ ਇਹ ਨੁਸਖ਼ਾ ਆਜ਼ਮਾ ਕੇ ਵੇਖਣਾ!]

ਪਾਕਿਸਤਾਨ ਦਾ ਕੀ ਬਣੇਗਾ? ਇਹ ਸਵਾਲ ਅੱਜ ਪਾਕਿਸਤਾਨ ਦੇ ਹਰ ਸੂਝਵਾਨ ਅੱਗੇ ਸਿਰ ਚੁੱਕੀ ਖੜ੍ਹਾ ਹੈ। ਬਹੁਤੇ ਤਰੱਕੀਪਸੰਦ, ਕਮਿਊਨਿਸਟ ਇਸ ਸਵਾਲ ਅੱਗੇ ਕਬੂਤਰ ਬਣ ਜਾਂਦੇ ਹਨ। ਤਵਾਰੀਖ਼ ਵਿਚ ਪਹਿਲੀ ਵਾਰ ਪੰਜਾਬੀ ਦੂਜੀਆਂ ਕੌਮਾਂ -ਸਿੰਧੀਆਂ, ਬਲੋਚੀਆਂ, ਪਖ਼ਤੂਨਾਂ- ਨੂੰ ਦਬਾ ਰਹੇ ਹਨ। ਇਸ ਕਾਰੇ ਵਿਚ ਉਹ ਅਪਣੀ ਬੋਲੀ ਤੇ ਰਹਿਤਲ ਨੂੰ ਹਥਿਆਰ ਨਹੀਂ ਬਣਾ ਰਹੇ, ਜਿਵੇਂ ਕਿ ਜਾਬਰ ਕਰਦੇ ਆਏ ਹਨ। ਪਾਕਿਸਤਾਨੀ ਪੰਜਾਬੀ ਤਿੰਨ ਹਥਿਆਰ ਵਰਤ ਰਹੇ ਹਨ - ਇਸਲਾਮ, ਉਰਦੂ ਤੇ ਫ਼ੌਜ।

ਜਾਲਿਬ ਨੂੰ ਵੀ ਪਾਕਿਸਤਾਨ ਦੀ ਬੜੀ ਚਿੰਤਾ ਹੈ। ਇਹ ਉਰਦੂ ਚ ਲਿਖੀ ਨਜ਼ਮ ਵਿਚ ਵਾਰਨਿੰਗ ਦੇ ਚੁੱਕੇ ਹਨ: *ਜਾਗ ਮੇਰੇ ਪੰਜਾਬ ਕਿ ਪਾਕਿਸਤਾਨ ਚਲਾ...*। ਪੰਜਾਬੀ ਪਾਕਿਸਤਾਨ ਦੇ "ਮਾਮੇ" ਕਿਉਂ ਬਣਦੇ ਹਨ? ਜਾਲਿਬ ਅਪਣੀ ਗੱਲ ਆਪ ਹੀ ਕੱਟਦੇ ਹਨ: ਅੱਧਾ ਪਾਕਿਸਤਾਨ ਤਾਂ ਬੰਗਾਲੀ ਲੈ ਗਏ। ਜੇ ਉਨ੍ਹਾਂ ਨੂੰ ਨਾਲ਼ ਰੱਖਦੇ, ਤਾਂ ਪਾਕਿਸਤਾਨ ਚ ਫ਼ੌਜੀ ਹਕੂਮਤ ਨਾ ਹੁੰਦੀ। ਜੇ ਪਾਕਿਸਤਾਨ ਰੱਖਣਾ ਹੈ, ਤਾਂ ਪੰਜਾਬ ਨੂੰ ਜ਼ਿੰਮੇਦਾਰੀ ਕਬੂਲ ਕਰਨੀ ਚਾਹੀਦੀ ਹੈ। ਵਰਨਾ ਲਹੌਰ ਹੀ ਪਾਕਿਸਤਾਨ ਰਹਿ ਜਾਵੇਗਾ। - ਮੈਂ ਕਾਮਰੇਡਾਂ ਵਾਲ਼ੀ ਪੰਜਾਬੀ ਕੌਮ, ਕੌਮੀਅਤ ਦੀ ਗੱਲ ਕਰਕੇ ਜਾਲਿਬ ਨੂੰ ਛੇੜਦਾ ਹਾਂ, ਤਾਂ ਕਹਿੰਦੇ ਨੇ: ਸਿੰਧੀ ਲੀਡਰ ਜੀਐੱਮ ਸੱਯਦ ਆਖਦਾ ਏ, ਅਸੀਂ ਜ਼ਿਆ ਨੂੰ ਏਸ ਕਰਕੇ ਚਾਹੁੰਦੇ ਹਾਂ ਕਿ ਉਹ ਪਾਕਿਸਤਾਨ ਤੋੜ ਰਿਹੈ। ਤੈਨੂੰ ਪਤੈ, ਮੈਂ ਵੀ ਜ਼ਿਆ-ਉੱਲ-ਹੱਕ ਨਾਲ਼ ਹਾਂ?! ਉਹ ਮੁਲਕ ਨੂੰ ਬਹੈਸੀਅਤ ਤੋੜ

Academy of the Punjab in North America: http://www.apnaorg.com

ਸਕਦੈ। ਮੈਂ ਜਲਸੇ ਚ ਜਾ ਕੇ ਮੁਲਕ ਤੋੜਨ ਦੀ ਗੱਲ ਨਹੀਂ ਨਾ ਕਰ ਸਕਦਾ। ਮੈਂ ਕਿਵੇਂ ਆਖਾਂ: ਖ਼ੁਸ਼ ਹੋ ਮੇਰੇ ਪੰਜਾਬ ਕਿ ਪਾਕਿਸਤਾਨ ਚਲਾ?! ਸਾਡਾ ਕੰਮ ਜ਼ਿਆ ਖ਼ੁਦ ਕਰ ਰਿਹੈ!

ਅਫ਼ਵਾਹ ਸੀ ਕਿ ਜਾਲਿਬ ਨੇ ਲੰਦਨ ਚ ਸਿਆਸੀ ਪਨਾਹ ਲੈ ਲੈਣੀ ਹੈ। ਮੈਂ ਪੁੱਛਿਆ। – ਨਹੀਂ, ਮੈਂ ਵਾਪਸ ਜਾਵਾਂਗਾ। ਮੈਂ ਏਥੇ ਸਿਆਸੀ ਪਨਾਹ ਨਹੀਂ ਲੈਣੀ। ਓਥੋਂ ਦਾ ਕੂੜਾ ਹੀ ਮੈਨੂੰ ਪਸੰਦ ਹੈ। ਓਥੇ ਹੀ ਸਾਫ਼ ਕਰਾਂਗਾ ਮੈਂ 'ਚੀਜ਼ਾਂ'। ਓਥੋਂ ਦੇ ਥਾਣਿਆਂ ਹਵਾਲਾਤਾਂ ਨਾਲ਼ ਮੈਨੂੰ ਪਿਆਰ ਹੈ। ਓਥੋਂ ਦੀਆਂ ਜੇਲਾਂ ਦੀਆਂ ਕੋਠੜੀਆਂ ਮੈਨੂੰ ਹਾਲੇ ਵੀ ਚੇਤੇ ਆਉਂਦੀਆਂ ਹਨ।

ਮੈਂ ਜਾਲਿਬ ਦੇ ਜੱਦੀ ਪਿੰਡ ਦੀ ਗੱਲ ਕਰਦਾ ਹਾਂ, ਤਾਂ ਇਹ ਮੇਰੀ ਵਲ ਝੱਲੀਆਂ ਅੱਖਾਂ ਨਾਲ਼ ਦੇਖਦੇ ਹਨ। ਬੋਲਦੇ ਕੁਝ ਨਹੀਂ; ਮੈਨੂੰ ਸੰਸਾ ਹੁੰਦਾ ਹੈ ਕਿ ਇਹ ਕਿਤੇ ਰੋਣ ਨਾ ਲਗ ਪੈਣ। ਮੈਂ ਗੱਲ ਹਾਸੇ ਚ ਪਾ ਕੇ ਇਹ ਸਵਾਲ ਅਣਪੁੱਛਿਆ ਹੀ ਰਹਿਣ ਦਿੰਦਾ ਹਾਂ: ਤੁਹਾਨੂੰ ਅਪਣਾ ਪਿੰਡ ਪੰਜਾਬੀ ਚ ਯਾਦ ਆਉਂਦਾ ਹੈ ਜਾਂ ਉਰਦੂ ਚ?



Academy of the Punjab in North America: http://www.apnaorg.com

# ਸਾਡੀਆਂ ਕਿਫ਼ਾਇਤੀ ਪ੍ਰਕਾਸ਼ਨਾਵਾਂ

## ਚੋਣਵੀਆਂ ਕਹਾਣੀਆਂ

ਪ੍ਰੇਮ ਪ੍ਰਕਾਸ਼
ਵਰਿਆਮ ਸਿੰਘ ਸੰਧੂ
ਜਸਵੰਤ ਸਿੰਘ ਵਿਰਦੀ
ਰਵਿੰਦਰ ਰਵੀ
ਮੈਕਸਿਮ ਗੋਰਕੀ
ਗੁਲਜ਼ਾਰ ਸਿੰਘ ਸੰਧੂ
ਪਾਕਿਸਤਾਨੀ ਪੰਜਾਬੀ ਕਹਾਣੀ/ਉਰਦੂ ਕਹਾਣੀ

| | |
|---|---|
| ਅਰਧਨਾਰੀਸ਼ਵਰ | (ਬਿਹਾਰ ਦੀਆਂ ਕਹਾਣੀਆਂ) |
| ਊਣੇ | ਗੁਰਮੀਤ ਕੜਿਆਲਵੀ |
| ਕਥਾ ਜਪਾਨੀ | ਸੰ. ਪਰਮਿੰਦਰ ਸੋਢੀ |
| ਟਿੱਬਿਆਂ ਦੀ ਜੂਨ | ਜਸਵੀਰ ਕਲਸੀ |

## ਨਾਵਲ

| | |
|---|---|
| ਪੰਧ | ਅਫ਼ਜ਼ਲ ਅਹਿਸਨ ਰੰਧਾਵਾ |
| ਕਮਜ਼ਾਤ | ਫ਼ਖ਼ਰ ਜ਼ਮਾਨ |
| ਇਕ ਸਮੁੰਦਰ ਪਾਰ | ਮੀਰ ਤਨਹਾ ਯੂਸਫੀ |
| ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ / ਵੈਦਾ | |
| ਪਰਾਈ ਧਰਤੀ | ਇਕਬਾਲ ਅਰਪਨ |
| ਧੁਖਦਾ ਗੋਹਟਾ | ਹਰਨੇਕ ਹੇਅਰ |

## ਵਾਰਤਕ

| | |
|---|---|
| ਬੰਜਰ ਮਨ ਪੰਜਾਬ | ਜਸਵੀਰ ਸਿੰਘ ਸ਼ੀਰੀ |

## ਕਾਵਿ ਸੰਗ੍ਰਹਿ

| | |
|---|---|
| ਭੋਇੰ | ਰਾਮ ਸਿੰਘ ਚਾਹਲ |
| ਨਮਿਤ | ਮਨਮੋਹਨ |
| ਭਾਖਿਆ | ਮਦਨ ਵੀਰਾ |
| ਤਾਕਿ ਸਨਦ ਰਹੇ | ਕੰਵਲਜੀਤ ਭੁੱਲਰ |
| ਸ਼ਾਮ ਹੋਣ ਤੋਂ ਪਹਿਲਾਂ | ਜਗੀਰ ਜੋਸਣ |
| ਮਿੱਟੀ ਰੰਗੇ ਸੁਪਨੇ | ਗੁਰਦਿਆਲ ਪੱਲ੍ਹਾ |
| ਮਰਮਰੀ ਜੰਗਲ | ਹਰਚਰਨ |
| ਗੁੰਮਸ਼ੁਦਾ ਪੈੜਾਂ | ਧਰਮਪਾਲ ਉਪਾਸ਼ਕ |
| ਕੋਮਲ ਸਿੰਘ ਆਖਦਾ ਹੈ | ਬਲਵਿੰਦਰ ਸੰਧੂ |

Academy of the Punjab in North America: http://www.apnaorg.com

| | |
|---|---|
| ਜੰਗਲੀ ਸਫ਼ਰ | ਜਗਤਾਰਜੀਤ |
| ਮੁਖ਼ਬਰੀ ਕਰਦੇ ਦਿਨ | ਹਰਭਜਨ ਹੁੰਦਲ |
| ਅੰਤਿਮ ਲੜਾਈ | ਸ਼ਿਵਨਾਥ |
| ਗੈਰ ਹਾਜ਼ਰ ਪੈੜਾਂ ਦੀ ਕਥਾ | ਮਲਵਿੰਦਰ |

### *ਯਾਤਰਾ ਪ੍ਰਸੰਗ*

| | |
|---|---|
| ਜਾਣੇ ਅਣਜਾਣੇ ਸਫਰ | ਸੁਪਨਦੀਪ ਸੰਧੂ |
| ਜੜ੍ਹਾਂ ਦੀ ਪਰਿਕਰਮਾ | ਗੁਰਚਰਨ ਸੱਗੂ |
| ਦੱਖਣੀ ਭਾਰਤ ਦੀ ਯਾਤਰਾ | ਡਾ. ਗੁਰਚਰਨ ਸਿੰਘ ਮਹਿਤਾ |

### *ਨਾਟਕ*

| | |
|---|---|
| ਸਲੋਮੀ | ਆਸਕਰ ਵਾਈਲਡ |

**ਪਾਠਕਾਂ ਲਈ ਉਪਰੋਕਤ ਹਰੇਕ ਪੁਸਤਕ ਕੀਮਤ 20 ਰੁਪਏ**

### *ਵਿਸ਼ੇਸ਼ ਪੁਸਤਕਾਂ*

| | | |
|---|---|---|
| ਜੀਵਨ ਯਾਦਾਂ | ਪਾਬਲੋ ਨੈਰੂਦਾ | 60/- |
| ਚੋਣਵੀਂ ਕਵਿਤਾ | ਨਾਜ਼ਿਮ ਹਿਕਮਤ | 40/- |
| ਮੌਤ ਦੀ ਉਡੀਕ 'ਚ | ਸ਼ਿਵ ਵਰਮਾ | 20/- |
| ਫ਼ੈਜ਼ ਦੇ ਖ਼ਤ ਬੇਗ਼ਮ ਸਰਫ਼ਰਾਜ਼ ਇਕਬਾਲ ਦੇ ਨਾਂ | | 20/- |
| ਸ਼ੀਸ਼ਾ (40 ਕਹਾਣੀਆਂ) | ਗੁਰਦੇਵ ਸਿੰਘ ਰੁਪਾਣਾ | 75/- |
| ਵਗਦੀ ਏ ਰਾਵੀ | ਵਰਿਆਮ ਸੰਧੂ | 50/- |
| ਸਮਕਾਲੀ ਮਾਰਕਸੀ ਚਿੰਤਨ (ਡਾ. ਭੀਮ ਇੰਦਰ ਸਿੰਘ) | | 60/- |
| ਆਧੁਨਿਕ ਪੰਜਾਬੀ ਕਹਾਣੀ (ਡਾ. ਭੀਮ ਇੰਦਰ ਸਿੰਘ) | | 60/- |

### *ਵਿਸ਼ੇਸ਼ ਕਾਵਿ ਸੰਗ੍ਰਹਿ*


| | | |
|---|---|---|
| ਸ਼ਾਇਰੀ 2000 | ਸ. ਪ੍ਰਮਿੰਦਰਜੀਤ | 30/- |
| ਤਿੰਨ ਚਿਹਰਿਆਂ ਵਾਲਾ ਰੱਕਾਸ / ਇਫ਼ਤਿਖ਼ਾਰ ਨਸੀਮ | | 30/- |
| ਖੰਡਰ, ਖ਼ਾਮੋਸ਼ੀ ਤੇ ਰਾਤ / ਸੁਰਿੰਦਰ ਸੋਹਲ | | 30/- |
| ਚੋਣਵੀਂ ਕਵਿਤਾ | ਪਾਬਲੋ ਨੈਰੂਦਾ | 40/- |
| ਧਰਤੀ ਪੁੱਤਰ (ਕਹਾਣੀਆਂ) | ਪ੍ਰੇਮ ਗੋਰਖੀ | 30/- |
| ਅੱਧੇ ਅਧੂਰੇ | ਲਾਲ ਸਿੰਘ | 30/- |
| ਖਾਰਾ ਬੱਦਲ | ਦਲਬੀਰ ਚੇਤਨ | 30/- |

**ਕੁਕਨੂਸ ਪ੍ਰਕਾਸ਼ਨ/ਨਵਾਂ ਜ਼ਮਾਨਾ ਬੁੱਕ ਸ਼ਾਪ**

ਨਹਿਰੂ ਗਾਰਡਨ ਰੋਡ, ਜਲੰਧਰ। ਫ਼ੋਨ : 214028 (ਘਰ), 220290, 230466 (ਦਫ਼ਤਰ)

Academy of the Punjab in North America: http://www.apnaorg.com

Academy of the Punjab in North America: http://www.apnaorg.com



ਹਬੀਬ ਜਾਲਿਬ ਦੀ ਸ਼ਾਇਰੀ ਸਟੇਜ ਦੀ ਸ਼ਾਇਰੀ ਏ। ਇਹ ਤਨਹਾਈ ਵਿਚ ਗੁਣਗਣਾਉਣ ਵਾਲ਼ਾ ਸ਼ਾਇਰ ਨਹੀਂ। ਇਹਦੀ ਸ਼ਾਇਰੀ ਨਾਅਰਾ ਏ; ਜੰਗ ਦਾ ਗੀਤ ਏ। ਇਹਦੀ ਸ਼ਾਇਰੀ ਤਜਰਬੇ ਦੀ ਸ਼ਾਇਰੀ ਨਾਲ਼ੋਂ ਬਿਆਨ ਦੀ ਸ਼ਾਇਰੀ ਏ। ਇਹਦਾ ਫ਼ਨ ਤੇ ਅਮਲ ਉਨ੍ਹਾਂ ਮਿਆਰਾਂ ਤੋਂ ਪਰਖਿਆ ਜਾਏਗਾ, ਜਿਹੜਾ ਇਹ ਆਪ ਕਾਇਮ ਕਰ ਚੁੱਕਾ ਏ। ਇਹ ਮਿਆਰ ਏਨੇ ਉੱਚੇ ਨੇ ਕਿ ਡਰ ਲਗਦਾ ਏ। ਹਬੀਬ ਜਾਲਿਬ ਆਪ ਅਪਣੀ ਅਜ਼ਮਤ ਦਾ ਯਰਗਮਾਲ (ਹੋਸਟੇਜ) ਏ।

—ਅਮੀਨ ਮੁਗ਼ਲ

Academy of the Punjab in North America: http://www.apnaorg.com